ਮਾਸਿਕ ਪੱਤਰ


# ਸੂਰਾ

ਲੁਧਿਆਣਾ

MONTHLY **SURA** LUDHIANA

3 ਰੁਪਏ

ਨੀਸ਼ਾਣੁ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ



ਜੂਨ ੧੯੯੫

ਕੇਂਦਰੀ ਸਿੱਖ ਅਜਾਇਬ ਘਰ, ਅੰਮ੍ਰਿਤਸਰ ਵਿਖੇ ਸੁਰੱਖਿਅਤ
ਪ੍ਰਾਚੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ

JUNE 1995

www.AKJ.Org

## ਤੱਤਕਰਾ


| | | | |
|---|---|---|---|
| ੧ ਬਿਨੁ ਤੇਲ ਦੀਵਾ ਕਿਉ ਜਲੈ | ੧ | ੯ ਅਣਲੱਭ ਤੇ ਅਨਮੋਲ ਖਜ਼ਾਨਾ (ਕਵਿਤਾ) | ੧੬ |
| ੨ ਅਰਥ ਵਿਆਖਿਆ | ੨ | ੧੦ ਦੋ ਤਲਵਾਰੀ ਬੱਧੀਆਂ | ੧੭ |
| ੩ ਅਨਮਤ ਫੋਕਟ ਕਰਮ-ਧਰਮ | ੪ | ੧੧ ਸਿੱਖ ਬੀਬੀਆਂ ਤੇ ਵਰਤਮਾਨ ਸਮਾਂ | ੨੧ |
| ੪ ਬੱਚਿਆਂ ਲਈ ਸਵਾਲਾਂ ਦੇ ਜੁਆਬ | ੫ | ੧੨ MEDITATING ON NAM | ੨੫ |
| ੫ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | ੬ | ੧੩ ਬੱਝ | ੨੭ |
| ੬ ਭਾਈ ਰਣਧੀਰ ਸਿੰਘ ਜੀ ਦੀ ਸ਼ੈਲੀ | ੯ | ੧੪ ਇਨਿ ਬਿਧਿ ਨਗਰੁ ਵੁਠਾ ਮੇਰੇ ਭਾਈ | ੩੧ |
| ੭ ਅਰਜਨ ਕਾਇਆ ਪਲਟਿ ਕੈ ਮੂਰਤਿ ਹਰਗੋਬਿੰਦ ਸਵਾਰੀ | ੧੦ | ੧੫ ਸਿਰੁ ਬੇਚਿਓ ਸਤਿਗੁਰ ਆਗੈ | ੩੫ |
| ੮ ਬੰਦੀ ਛੋੜ ਗੁਰੂ ਹਰਗੋਬਿੰਦ ਸਾਹਿਬ ਤੇ ਦੀਵਾਲੀ | ੧੪ | ੧੬ ਬਾਪੂ ਜੀ ਤੇ ਬੱਚੇ | ੩੭ |


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | | | |
|---|---|---|---|
| ਸ਼ਹੀਦੀ ~~ਜਨਮ~~ ਸ੍ਰੀ ਗੁਰੂ ਅਰਜਨ ਦੇਵ ਜੀ | ੨ ਜੂਨ | ਜਨਮ ਭਗਤ ਕਬੀਰ ਜੀ | ੧੩ ਜੂਨ |
| ਪ੍ਰਕਾਸ਼ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ | 15 ਜੂਨ | ਜਨਮ ਸਹਿਬਜ਼ਾਦਾ ਫਤਹਿ ਸਿੰਘ ਜੀ | ੧੫ ਜੂਨ |

## ਅਮਾਨਤੀ ਵਾਧਾ ਜਮ੍ਹਾਂ ਕਰਵਾਉਣ ਲਈ ਬੇਨਤੀ

ਸਮੂਹ ਸੰਗਤਾਂ ਪ੍ਰਤੀ ਬੇਨਤੀ ਹੈ ਕਿ 'ਸੂਰਾ' ਦੀ ਅਮਾਨਤੀ ਲਾਈਫ ਮੈਂਬਰਸ਼ਿਪ 300 ਰੁ: ਪੂਰੀ ਕਰਨ ਲਈ ਜਿਨ੍ਹਾਂ ਪਾਠਕਾਂ ਦੇ 50/, 100 150/, ਇਤਿਆਦੀ ਬਕਾਇਆ ਰਹਿੰਦੇ ਹਨ ਉਹ ਕ੍ਰਿਪਾ ਕਰਕੇ ਜਲਦੀ ਤੋਂ ਜਲਦੀ 'ਸੂਰਾ' ਦਫਤਰ ਭੇਜ ਦੇਣ ਜਾਂ ਨਜ਼ਦੀਕੀ ਸੇਵਾਦਾਰ ਕੋਲ ਜਮ੍ਹਾਂ ਕਰਵਾ ਦੇਣ ਤਾਂ ਜੋ ਇਹ ਪਰਚਾ ਆਪ ਜੀ ਤੱਕ ਨਿਰਵਿਘਨ ਪਹੁੰਚਦਾ ਰਹੇ। ਇਸੇ ਤਰਾਂ ਹੀ ਵਿਦੇਸ਼ੀ ਪਾਠਕ ਵੀ ਆਪਣਾ ਬਕਾਇਆ ਭੇਜਣ ਦੀ ਕ੍ਰਿਪਾ ਕਰਨ ਜੀ। ਮੌਜੂਦਾ ਚੰਦੇ ਪੰਨਾ ੧ ਤੇ ਲਿਖੇ ਹੋਏ ਹਨ।

ਸੰਪਾਦਕ

## 'ਸੂਰਾਂ' ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ

1. ਲੁਧਿਆਣਾ- 1 ਮੁੱਖ ਦਫਤਰ "ਸੂਰਾ"-ਕੋਠੀ ਨੰਬਰ ੧੨, ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।
   2 ਸਬ ਆਫਿਸ 'ਸੂਰਾ' ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ।
2. ਜਲੰਧਰ- ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ।
3. ਹੁਸ਼ਿਆਰਪੁਰ- ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ।
4. ਪਟਿਆਲਾ- ਭਾਈ ਆਸਾ ਸਿੰਘ ਐਂਡ ਸਨਜ਼, ਨੇੜੇ ਗੁ: ਦੂਖ ਨਿਵਾਰਨ ਸਾਹਿਬ।
5. ਚੰਡੀਗੜ੍ਹ ਤੇ ਮੋਹਾਲੀ-ਭਾਈ ਫੌਜਿੰਦਰ ਸਿੰਘ ਜੀ, ੫੩੩/ਬ- ਏ ਫੇਜ਼, ਐਸ. ਏ. ਐਸ. ਨਗਰ ਮੋਹਾਲੀ।
6. ਦਿੱਲੀ- ਭਾਈ ਹਰਦਿਤ ਸਿੰਘ ਜੀ, ਏ, ੩੫, ਫ਼ਤਿਹ ਨਗਰ।
7. ਸਾਰੇ ਸਮਾਗਮਾਂ ਸਮੇਂ- ਭਾਈ ਬਲਵੰਤ ਸਿੰਘ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰ, ਫਿਰੋਜ਼ਪੁਰ ਸ਼ਹਿਰ।
8. ਬਠਿੰਡਾ- ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ।
9. ਮੋਗਾ- ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ.ਟੀ.ਰੋਡ, ਫੋਨ: ੨੪੩੪੮, ੨੧੬੮੧।
10. ਅੰਮ੍ਰਿਤਸਰ- ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫੋਨ: ੪੫੭੮੭ ਘਰ: ੨੩੧੫੨੦।
11. ਯਮੁਨਾਨਗਰ- ਸ: ਪ੍ਰਮਜੀਤ ਸਿੰਘ, ਮਦਰਾਸ ਹੈਂਡਲੂਮ, ਤੱਤਖਾਲਸਾ ਭਵਨ ਜਗਾਧਰੀ ਰੋਡ, ਪਿੰਨ ਕੋਡ-੧੩੫੦੦੧, ਫੋਨ:੨੩੨੧੭।
12. ਸੰਗਰੂਰ- ਭਾਈ ਤ੍ਰਿਲੋਚਨ ਸਿੰਘ ਜੀ ਪਿੰਡ ਉਪੋਕੀ ਡਾਕਖਾਨਾ ਮਲੇਰਕੋਟਲਾ।
13. ਫਗਵਾੜਾ- ਮਾਸਟਰ ਗੁਰਦਿਆਲ ਸਿੰਘ ਜੀ, ੫੫੩, ਮੁਹੱਲਾ ਡੌਬਿਆਂ, ਚੌੜਾ ਖੂਹ ਨੇੜੇ ਗੁ: ਪਾ: ੬।

ਸੂਚਨਾ- ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

### ਵਿਦੇਸ਼ਾਂ ਵਿਚ ਚੰਦੇ ਤੇ ਹੋਰ ਰਕਮਾਂ ਜਮਾਂ ਕਰਾਉਣ ਲਈ ਸੰਪਰਕ ਕਰੋ

1. ਇੰਗਲੈਂਡ- ਭਾਈ ਗੁਰਨਾਮ ਸਿੰਘ ਜੀ 10-Lambourne Gardens, Early Reading, Berks U.K. Tel. 0734-616902
2. ਅਮਰੀਕਾ- ਭਾਈ ਜੀਵਨ ਸਿੰਘ ਜੀ ਗੁਰਦੀਪ ਸਿੰਘ ਜੀ ਫੋਨ: ੧੮੦੦੭੨੨੬੨੧੨।
3. ਕਨੇਡਾ- ਭਾਈ ਰਿਪੁਦਮਨ ਸਿੰਘ ਜੀ ਮਲਿਕ ਫੋਨ: ੧੮੦੦੬੬੩੦੨੨੪
4. ਆਸਟਰੇਲੀਆ- ਭਾਈ ਪਰਸ਼ੋਤਮ ਸਿੰਘ ਜੀ ਫੋਨ: ੦੬੧੮੬੩੪੮੪੧।
5. ਨੀਊਜ਼ੀਲੈਂਡ- ਭਾਈ ਪਿਆਰਾ ਸਿੰਘ ਜੀ ਫੋਨ: ੦੬੯੨੭੬੪੩੨੨

## ਮੁਖ ਰਹਿਤ ਸੂਰਾ

ਵਿਦੇਸ਼ਾਂ ਵਿਚ ਰਹਿੰਦੇ ਵੀਰ, ਭੈਣਾਂ ਜੋ ਆਪਣੇ ਪਰਿਵਾਰ ਨੂੰ ਗੁਰਮਤਿ ਨਾਲ ਜੋੜਨਾ ਚਾਹੁੰਦੇ ਹਨ ਅਤੇ "ਸੂਰਾ" ਮਾਸਿਕ ਪੱਤਰ ਪੜ੍ਹਨ ਪੜ੍ਹਾਉਣ ਵਿਚ ਰੁਚੀ ਰੱਖਦੇ ਹਨ, ਹੇਠਲੇ ਪਤੇ ਤੇ ਆਪਣਾ ਐਡਰੈਸ (ਪਤਾ) ਲਿਖ ਕੇ ਭੇਜਣ, ਉਹਨਾਂ ਨੂੰ "ਸੂਰਾ" ਹਰ ਮਹੀਨੇ ਮੁਖ ਰਹਿਤ ਪਹੁੰਚਦਾ ਰਹੇਗਾ।

ਦਾਸਨ ਦਾਸ,


ਭਾਈ ਜੀਵਨ ਸਿੰਘ, ੧੦੩੦, ਹੈਮਿਲਟਨ ਰੋਡ, ਵੈਨਕੂਵਰ (ਕੈਨੇਡਾ)
Canada (B.C.) V6-B2-R-9 Tel.: 18006 30224


**ਗੁਰਮਤਿ ਪ੍ਰਚਾਰ ਲਈ "ਸੂਰਾ" ਦੇ ਵੱਧ ਤੋਂ ਵੱਧ ਨਵੇਂ ਮੈਂਬਰ ਬਣਾਉਣ ਦੀ ਕ੍ਰਿਪਾ ਕਰੋ ਜੀ।**


ਡਿਜ਼ਾਈਨ ਕਰਾਫਟ ਗਿਲ ਰੋਡ ਲੁਧਿਆਣਾ-ਫੋਨ: 533098 ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵੱਲੋਂ 12- ਆਈ ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।



www.AKJ.Org

# ਸੂਰਾ

ਮਾਸਿਕ ਪੱਤਰ

ਜਿਲਦ ੨੯ ਅੰਕ ੬

ਜੂਨ–੧੯੯੫



| ਸਾਲਾਨਾ ਚੰਦਾ | | (ਪ੍ਰਦੇਸ ਸਾਰੇ) ਸਾਲਾਨਾ ਚੰਦਾ | |
|---|---|---|---|
| ਦੇਸ਼ | 30–00 | ਸਮੁੰਦਰੀ ਡਾਕ | 100–00 |
| ਇੱਕ ਪਰਚਾ | 3–00 | ਹਵਾਈ ਡਾਕ | 300–00 |

Foreign Subscription

Sea Mail .....100-00 Air Mail ....... 300-00

| ਅਮਾਨਤੀ ਲਈ ਮੈਂਬਰ | | | |
|---|---|---|---|
| ਦੇਸ਼ | 300–00 | ਪਰਦੇਸ ਸਮੁੰਦਰੀ ਡਾਕ | 1,000–00 |
| | | ਹਵਾਈ ਡਾਕ | 3,000–00 |


## ਬਿਨੁ ਤੇਲ ਦੀਵਾ ਕਿਉ ਜਲੈ

ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ।।
ਜਿਉ ਸਾਹਿਬੁ ਰਾਖੈ ਤਿਉ ਰਹੈ ਇਸ ਲੋਭੀ ਕਾ ਜੀਉ ਟਲਪਲੈ।।੧।।
ਬਿਨੁ ਤੇਲ ਦੀਵਾ ਕਿਉ ਜਲੈ।।੧।। ਰਹਾਉ।।
ਪੋਥੀ ਪੁਰਾਣ ਕਮਾਈਐ।। ਭਉ ਵਟੀ ਇਤੁ ਤਨਿ ਪਾਈਐ।।
ਸਚੁ ਬੂਝਣੁ ਆਣਿ ਜਲਾਈਐ।।੨।। ਇਹੁ ਤੇਲ ਦੀਵਾ ਇਉ ਜਲੈ।।
ਕਰਿ ਚਾਨਣੁ ਸਾਹਿਬ ਤਉ ਮਿਲੈ।।੧।। ਰਹਾਉ।।
ਇਤੁ ਤਨਿ ਲਾਗੈ ਬਾਣੀਆ।। ਸੁਖੁ ਹੋਵੈ ਸੇਵ ਕਮਾਣੀਆ।।
ਸਭ ਦੁਨੀਆ ਆਵਣ ਜਾਣੀਆ।।੩।।
ਵਿਚਿ ਦੁਨੀਆ ਸੇਵ ਕਮਾਈਐ।। ਤਾ ਦਰਗਹ ਬੈਸਣੁ ਪਾਈਐ।।
ਕਹੁ ਨਾਨਕ ਬਾਹ ਲੁਡਾਈਐ।।੪।। (ਸਿਰੀ ਰਾਗੁ ਮ: ੧, ਪੰਨਾ ੨੫–੨੬)

ਪਦ ਅਰਥ :– ਅਛਲ – ਜੋ ਛਲੀ (ਠਗੀ) ਨਾ ਜਾ ਸਕੇ। ਨ ਛਲੈ – ਨਹੀਂ ਠੱਗੀ ਜਾਂਦੀ। ਘਾਉ – ਜਖ਼ਮ। ਸਾਹਿਬੁ – ਮਾਲਕ ਪ੍ਰਭੂ। ਟਲਪਲੈ – ਡੋਲਦਾ ਹੈ।੧। ਪੋਥੀ ਪੁਰਾਣ – ਧਰਮ ਪੁਸਤਕਾਂ। ਕਮਾਈਐ – ਕਮਾਈ ਕਰੀਏ (ਜੀਵਨ ਬਣਾਈਏ)। ਇਤੁ ਤਨ – ਇਸ ਤਨ (ਸਰੀਰ) ਵਿੱਚ। ਸਚੁ ਬੂਝਣ – ਸੱਚ ਨੂੰ ਸਮਝਣਾ, ਸਦਾ ਥਿਰ ਪ੍ਰਭੂ ਨਾਲ ਸਾਂਝ ਪਾਉਣੀ। ਆਣਿ – ਲਿਆ ਕੇ।੨। ਬਾਣੀਆ – ਗੁਰੂ ਦੀ ਬਾਣੀ। ਲਾਗੈ – ਅਸਰ ਕਰੇ।।੩।। ਬੈਸਣੁ – ਬੈਠਣ ਦੀ ਥਾਂ। ਬਾਹ ਲੁਡਾਈਐ – ਬਾਂਹ ਉਲਾਰਦੇ ਭਾਵ ਬੇ– ਫਿਕਰ ਹੋ ਕੇ ਜਾਈਦਾ ਹੈ।੪।

## ਜਾਗੋ ! ਜਾਗੋ ! ਜਾਗੋ!

ਇੱਕ ਖਬਰ ਅਨੁਸਾਰ ਮਾਰਚ ਮਹੀਨੇ ਸਿੰਘਾਪੁਰ ਵਿੱਚ ਈਸਾਈਆਂ ਦੇ ਇੱਕ ਪਬਲਿਕ ਇੱਕਠ ਵਿੱਚ ੨੪੫ ਸਿੱਖ ਨੌਜਵਾਨਾਂ ਨੇ ਸਮੂਹਕ ਤੌਰ ਤੇ ਐਲਾਨ ਕੀਤਾ ਕਿ ਅੱਜ ਤੋਂ ਅਸੀਂ ਸਿੱਖ ਧਰਮ ਛੱਡ ਕੇ ਈਸਾਈ ਮੱਤ ਧਾਰਨ ਕਰ ਰਹੇ ਹਾਂ। ਮੁੱਖ ਕਾਰਨ ਉਨ੍ਹਾਂ ਨੌਜਵਾਨਾਂ ਨੇ ਇਹ ਦੱਸਿਆ ਕਿ ਸਾਨੂੰ ਸਿੱਖ ਧਰਮ ਬਾਰੇ ਕਿਸੇ ਨੇ ਜਾਣਕਾਰੀ ਹੀ ਨਹੀਂ ਦਿੱਤੀ ਕਿ ਸਿੱਖ ਧਰਮ ਦੀਆਂ ਕੀ ਖੂਬੀਆਂ ਹਨ ?

ਐ ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲਿਓ! ਕੀ ਤੁਸੀਂ ਹਾਲੇ ਵੀ ਕੁੰਭ–ਕਰਨੀ ਨੀਂਦੇ ਸੁੱਤੇ ਰਹੋਗੇ? ---- ਜਾਗੋ ! ਜਾਗੋ ! ਜਾਗੋ !

–ਸੰਪਾਦਕ



www.AKJ.Org

# ਅਰਥ ਵਿਆਖਿਆ

**ਅਰਥ** :- ਸਿਮਰਨ ਦੇ ਤੇਲ ਤੋਂ ਬਿਨਾਂ ਆਤਮਕ ਜੀਵਨ ਦਾ ਦੀਵਾ ਕਿਵੇਂ ਜਗਦਾ ਰਹਿ ਸਕੇ?।੧। ਰਹਾਉ।

ਅਛਲ ਮਾਇਆ ਜਿਸ ਨੂੰ ਕੋਈ ਛਲਣ ਦਾ ਯਤਨ ਕਰੇ ਤਾਂ ਛਲੀ ਨਹੀਂ ਜਾਂਦੀ। ਜਿਸ ਨੂੰ ਕਿਸੇ ਦੀ ਕਟਾਰ ਕੋਈ ਜ਼ਖਮ ਨਹੀਂ ਕਰ ਸਕਦੀ, ਉਸ ਦੇ ਅੱਗੇ ਲੋਭੀ (ਲਾਲਚੀ) ਜੀਵ ਦਾ ਮਨ ਡੋਲ ਜਾਂਦਾ ਹੈ, ਮਾਲਕ ਪ੍ਰਭੂ ਜਿਵੇਂ ਰੱਖਦਾ ਹੈ ਤਿਵੇਂ ਹੀ ਰਹਿਣਾ ਬਣਦਾ ਹੈ।੧।

ਧਰਮ ਪੁਸਤਕਾਂ ਅਨੁਸਾਰ ਆਪਣਾ ਜੀਵਨ ਬਣਾਈਏ, ਇਹ ਹੋਵੇ ਤੇਲ, ਪਰਮਾਤਮਾ ਦਾ ਡਰ ਸਰੀਰ ਰੂਪੀ ਦੀਵੇ ਵਿੱਚ ਵੱਟੀ ਪਾ ਦੇਈਏ, ਪਰਮਾਤਮਾ ਨਾਲ ਅੱਗ ਰੂਪੀ ਡੂੰਘੀ ਸਾਂਝ ਨਾਲ ਦੀਵਾ ਬਾਲੀਏ।।੨।।

ਇਹ ਨਾਮ ਰੂਪ ਤੇਲ ਹੋਵੇ, ਤਾਹੀਓਂ ਇਹ ਜੀਵਨ ਦਾ ਦੀਵਾ ਟਹਿਕਦਾ (ਜਗਦਾ) ਹੈ। ਹੇ ਭਾਈ! ਪ੍ਰਭੂ ਦੇ ਨਾਮ ਦਾ ਚਾਨਣ ਕਰ, ਤਾਂ ਹੀ ਮਾਲਕ ਪ੍ਰਭੂ ਮਿਲਦਾ ਹੈ (ਦਰਸ਼ਨ ਹੁੰਦੇ ਹਨ)।੧। ਰਹਾਉ।

ਜਿਸ ਮਨੁੱਖ ਨੂੰ ਇਸ ਸਰੀਰ ਵਿੱਚ ਗੁਰੂ ਦੀ ਬਾਣੀ (ਉਪਦੇਸ਼) ਅਸਰ ਕਰਦੀ ਹੈ, ਪ੍ਰਭੂ ਦੀ ਸੇਵਾ ਕਰਨ ਭਾਵ ਸਿਮਰਨ ਕਰਨ ਨਾਲ ਉਸ ਨੂੰ ਆਤਮਕ ਅਨੰਦ ਮਿਲਦਾ ਹੈ, ਦੁਨੀਆਂ ਉਸ ਨੂੰ ਜੰਮਦੀ ਮਰਦੀ ਭਾਵ ਨਾਸ਼ਵੰਤ ਨਜ਼ਰ ਆਉਂਦੀ ਹੈ।੩।

ਹੇ ਭਾਈ! ਦੁਨੀਆਂ ਵਿੱਚ ਆ ਕੇ ਪ੍ਰਭੂ ਦੀ ਸੇਵਾ (ਸਿਮਰਨ) ਕਰਨੀ ਚਾਹੀਦੀ ਹੈ ਤਾਂ ਹੀ ਉਸ ਦੀ ਦਰਗਾਹ (ਹਜ਼ੂਰੀ) ਵਿੱਚ ਬੈਠਣ ਨੂੰ ਥਾਂ ਮਿਲਦੀ ਹੈ। ਨਾਨਕ ਮੋਹਰ ਛਾਪ ਹੇਠ ਗੁਰੂ ਨਾਨਕ ਦੇਵ ਜੀ ਦੱਸਦੇ ਹਨ ਕਿ ਸਿਮਰਨ ਸਦਕਾ ਬੇ-ਫਿਕਰ ਹੋ ਜਾਈਦਾ ਹੈ, ਬਾਂਹ ਉਲਾਰ ਕੇ ਤੁਰੀਦਾ ਹੈ।੪।

**ਵਿਆਖਿਆ** :— ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਚਾਰਨ ਕੀਤੇ ਇਸ ਸ਼ਬਦ ਵਿੱਚ "ਰਹਾਉ" ਵਾਲੇ ਦੋ ਬੰਦ ਹਨ। ਪਹਿਲੇ "ਰਹਾਉ" ਵਿੱਚ ਸਵਾਲ ਕੀਤਾ ਹੋਇਆ ਹੈ ਅਤੇ ਦੂਜੇ "ਰਹਾਉ" ਵਿੱਚ ਉਸ ਸਵਾਲ ਦਾ ਜਵਾਬ ਹੈ।

ਸਾਨੂੰ ਸੋਝੀ ਦੇਣ ਵਾਸਤੇ ਗੁਰੂ ਸਾਹਿਬ ਸਵਾਲ ਕਰਦੇ ਹਨ ਕਿ "ਬਿਨੁ ਤੇਲ ਦੀਵਾ ਕਿਉਂ ਜਲੈ ?" ਭਾਵ ਸਿਮਰਨ ਦੇ ਤੇਲ ਤੋਂ ਬਿਨਾਂ ਆਤਮਕ ਜੀਵਨ ਦਾ ਦੀਵਾ ਕਿਵੇਂ ਟਹਿਕਦਾ ਰਹਿ ਸਕਦਾ ਹੈ? ਇਸ ਸਵਾਲ ਦਾ ਜਵਾਬ ਗੁਰੂ ਸਾਹਿਬ ਇਉਂ ਦਿੰਦੇ ਹਨ-

**ਇਹੁ ਤੇਲੁ ਦੀਵਾ ਇਉ ਜਲੈ।।**
**ਕਰਿ ਚਾਨਣੁ ਸਾਹਿਬ ਤਉ ਮਿਲੈ।।੧।। ਰਹਾਉ।।**

ਕਿਵੇਂ ਜਲੇ? -------

**ਪੋਥੀ ਪੁਰਾਣ ਕਮਾਈਐ।।**
**ਭਉ ਵਟੀ ਇਤੁ ਤਨਿ ਪਾਈਐ।।**
**ਸਚੁ ਬੂਝਣੁ ਆਣਿ ਜਲਾਈਐ।।੨।।**

ਗੁਰੂ ਸਾਹਿਬ ਕਹਿੰਦੇ ਹਨ ਧਰਮ ਪੁਸਤਕਾਂ ਅਨੁਸਾਰ ਆਪਣਾ ਜੀਵਨ ਬਣਾਈਏ ਭਾਵ "ਸ਼ਬਦ" ਰੂਪ ਤੇਲ ਹੋਵੇ, ਇਸ ਸਰੀਰ ਰੂਪ ਦੀਵੇ ਵਿੱਚ ਪ੍ਰਭੂ ਦੇ ਭਉ (ਡਰ) ਦੀ ਵੱਟੀ (ਬੱਤੀ) ਪਾ ਦੇਈਏ ਅਤੇ ਪ੍ਰਭੂ ਪ੍ਰੇਮ ਰੂਪੀ ਅੱਗ ਨਾਲ ਦੀਵਾ ਬਾਲੀਏ। ਇਉਂ ਆਤਮਕ ਜੀਵਨ ਦਾ ਦੀਵਾ ਟਹਿਕਦਾ ਹੈ।

ਜਿਨ੍ਹਾਂ ਸਰੀਰ ਰੂਪੀ ਦੀਵਿਆਂ ਵਿੱਚ ਗੁਰੂ ਦਾ ਸ਼ਬਦ (ਨਾਮ) ਰੂਪ ਤੇਲ ਨਹੀਂ ਹੈ ਉਹ ਬੁਝੇ ਹੋਏ ਹਨ, ਉਨ੍ਹਾਂ ਘਰਾਂ (ਸਰੀਰਾਂ) ਵਿੱਚ ਹਨ੍ਹੇਰਾ ਹੈ, ਹਨ੍ਹੇਰੇ ਵਿੱਚ ਠੇਡੇ ਖਾਂਦੇ ਕਦੇ ਐਧਰ ਡਿੱਗਦੇ ਹਨ, ਕਦੇ ਔਧਰ, ਹੱਡ ਭੰਨਾਉਂਦੇ, ਸੱਟਾਂ ਖਾਂਦੇ ਬਹੁਤ ਦੁਖੀ ਹਨ, ਤਨ ਵੀ ਰੋਗੀ, ਦੁਖੋ ਦੁਖ ਹੀ ਕਮਾਉਂਦੇ ਅਤੇ ਹੰਢਾਉਂਦੇ ਹਨ। ਜਿੰਨੀ ਦੇਰ ਤੱਕ ਉਹਨਾਂ ਦੇ ਸਰੀਰ ਰੂਪੀ ਘਰ ਵਿੱਚ ਦੀਵਾ ਨਹੀਂ ਜਗਦਾ, ਹਨ੍ਹੇਰਾ ਦੂਰ ਹੋ ਕੇ, ਚਾਨਣ ਨਹੀਂ ਆ ਸਕਦਾ। ਇਸ ਘਰ (ਸਰੀਰ) ਵਿੱਚ ਚਾਨਣ ਹੋਵੇਗਾ ਤਾਹੀਂਓਂ ਪ੍ਰਭੂ ਪ੍ਰੀਤਮ ਨਜ਼ਰ ਆਵੇਗਾ, ਦਰਸ਼ਨ ਹੋਣਗੇ।

**ਦਰਸਨ ਕਉ ਲੋਚੈ ਸਭੁ ਕੋਈ।।**
**ਪੂਰੈ ਭਾਗਿ ਪਰਾਪਤਿ ਹੋਈ।।ਰਹਾਉ।।**
(ਪੰਨਾ੭੪੫)

ਭਾਗ (ਕਿਸਮਤ) ਜਾਗਦੇ ਹਨ ਗੁਰੂ ਦੇ ਹੁਕਮਾਂ ਅੰਦਰ ਆਉਣ ਨਾਲ, ਆਪਣੀ ਮੱਤ ਛੱਡ ਕੇ ਗੁਰੂ ਦੀ ਮੱਤ (ਗੁਰਮਤਿ) ਗ੍ਰਹਿਣ ਕਰਨ ਨਾਲ। ਗੁਰਮਤਿ ਦਾ ਪਤਾ ਲਗਦਾ ਹੈ ਪੋਥੀ ਸਾਹਿਬ (ਸ੍ਰੀ ਗੁਰੂ ਗ੍ਰੰਥ ਸਾਹਿਬ) ਵਿੱਚ ਦਰਜ ਬਾਣੀ ਤੋਂ। ਗੁਰਬਾਣੀ ਪੜ੍ਹਨ ਸੁਣਨ ਅਤੇ ਵਿਚਾਰਨ ਨਾਲ ਗੁਰੂ ਦੇ ਉਪਦੇਸ਼ ਦੀ ਸੋਝੀ ਆਉਂਦੀ ਹੈ, ਗੁਰਮਤਿ ਗਾਡੀ ਰਾਹ ਤੇ ਚੱਲਣ ਲਈ ਉਤਸ਼ਾਹ ਦੀ ਸੋਝੀ ਪੈਦਾ ਹੁੰਦੀ ਹੈ, ਹਨ੍ਹੇਰੇ ਵਿੱਚੋਂ ਨਿਕਲ ਕੇ ਚਾਨਣ ਵਲ ਆਉਣ ਲਈ ਪੈਰ ਉੱਠਦੇ ਹਨ, ਅਗਿਆਨਤਾ ਵਿੱਚੋਂ ਨਿੱਕਲ ਕੇ ਗਿਆਨ ਦੇ ਦੀਵੇ ਥੱਲੇ ਆਉਣ ਨੂੰ ਜੀਅ ਕਰਦਾ ਹੈ। ਗੁਰੂ ਦੇ ਉਪਦੇਸ਼ (ਗੁਰਬਾਣੀ) ਨੂੰ ਪੜ੍ਹਨ ਸੁਣਨ ਨਾਲ ਗੁਰੂ ਦੀ ਸੇਵਾ ਕਰਨ ਵਾਸਤੇ ਲਿੱਲ੍ਹ ਪੈਦਾ ਹੁੰਦੀ ਹੈ, ਪ੍ਰਭੂ ਪ੍ਰੇਮ ਜਾਗ ਉਠਦਾ ਹੈ।

**ਜਿਨ ਪ੍ਰੇਮ ਕੀਓ, ਤਿਨ ਹੀ ਪ੍ਰਭ ਪਾਇਓ।੯।**
(ਸੁਧਾ ਸਵੱਯੇ)

ਸਤਿਗੁਰੂ ਆਪਣੇ ਭਗਤਾਂ ਦੇ ਪ੍ਰੇਮ ਵਿੱਚ ਮੋਹਿਆ ਜਾਂਦਾ ਹੈ। ਆਪਣੇ ਸਿੱਖਾਂ ਦੀ ਸੇਵਾ ਤੇ ਪ੍ਰਸੰਨ ਹੋ ਕੇ ਨਾਮ


www.AKJ.Org

ਦਾਨ ਦਿੰਦਾ ਹੈ।

**ਸਤਿਗੁਰੁ ਸਿਖ ਕਉ ਨਾਮ ਧਨੁ ਦੇਇ।।**

**ਗੁਰ ਕਾ ਸਿਖੁ ਵਡਭਾਗੀ ਹੇ।।** (ਸੁਖਮਨੀ ਸਾਹਿਬ)

ਗੁਰੂ ਕੇ ਸਿੱਖ ਨੂੰ ਗੁਰੂ ਦੁਆਰਿਓਂ ਨਾਮ ਦੀ ਦਾਤ ਮਿਲ ਗਈ, ਮਾਨੋ ਸਰੀਰ ਰੂਪੀ ਦੀਵੇ ਵਿੱਚ ਤੇਲ ਪੈ ਗਿਆ, ਸਾਹਿਬ (ਪ੍ਰਭੂ) ਦੇ ਭੈ ਦੀ ਵੱਟੀ ਪੈਣ ਨਾਲ ਦੀਵਾ ਤਿਆਰ ਹੋ ਜਾਂਦਾ ਹੈ। ਪ੍ਰਭੂ-ਪ੍ਰੀਤ ਦੇ ਜਾਗ ਉਠਣ ਨਾਲ ਦੀਵੇ ਨੂੰ ਜਗਣ ਵਾਸਤੇ ਪ੍ਰੇਮ ਰੂਪ ਅੱਗ ਮਿਲ ਜਾਂਦੀ ਹੈ। ਦੀਵਾ ਜਗਣ ਨਾਲ ਪ੍ਰਕਾਸ਼ ਹੋ ਜਾਂਦਾ ਹੈ, ਪ੍ਰਭੂ ਪ੍ਰੀਤਮ ਦਾ "ਦਰ" (ਦਸਮ-ਦੁਆਰ) ਖੁੱਲ੍ਹ ਜਾਂਦਾ ਹੈ, ਅਨਹਦ ਵਾਜੇ ਵੱਜਣ ਲੱਗ ਪੈਂਦੇ ਹਨ, ਜੀਵਨ ਪਲਟ ਜਾਂਦਾ ਹੈ, ਅਨੰਦੋ ਅਨੰਦ ਹੋ ਜਾਂਦਾ ਹੈ।

**"ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ।।"** (ਪੰਨਾ ੩੭੪)

ਜੋਤਿ ਦੇ ਪ੍ਰਗਟ ਹੋਣ (ਦੀਵਾ ਜਗਣ) ਨਾਲ ਨਾ ਛਲੀ ਜਾਣ ਵਾਲੀ (ਅਛਲ) ਮਾਇਆ, ਹਰੀ ਦੇ ਭਗਤਾਂ ਦੀ ਦਾਸੀ ਬਣ ਕੇ ਕਾਰ ਕਮਾਉਂਦੀ ਹੈ। ਉਹ ਭਗਤਾਂ ਦੇ ਅੱਗੇ ਪਿਛੇ ਹੱਥ ਬੰਨ੍ਹੀ ਸੇਵਾ ਕਰਨ ਵਾਸਤੇ ਅਰਜੋਈਆਂ ਕਰਦੀ ਫਿਰਦੀ ਹੈ। ਹਰੀ ਦੇ ਭਗਤ, ਪ੍ਰਭੂ ਦੀ ਕੀਰਤੀ ਵਿੱਚ ਮਸਤ ਰਹਿੰਦੇ ਹਨ। ਉਹ ਨਾਗਣੀ ਮਾਇਆ ਵਲ ਅੱਖ ਚੁੱਕ ਕੇ ਵੀ ਨਹੀਂ ਦੇਖਦੇ।

**ਕਉਲਾ ਬਪੁਰੀ ਸੰਤੀ ਛਲੀ।।** (ਪੰਨਾ ੩੯੨)

ਬਿਚਾਰੀ ਮਾਇਆ ਨੂੰ ਸਤਿ-ਮਾਰਗ ਦੇ ਪਾਂਧੀਆਂ (ਸੰਤਾਂ) ਨੇ ਛਲ ਲਿਆ ਭਾਵ ਆਪਣੇ ਵੱਸ ਵਿੱਚ ਕਰ ਲਿਆ। ਉਹ ਮਾਇਆ ਜਿਹੜੀ ਬੰਦਗੀ ਤੋਂ ਸੱਖਣੇ ਬੰਦਿਆਂ ਦੇ ਨੱਕ ਵਿੱਚ ਨਕੇਲ ਪਾਈ ਰਿੱਛ ਵਾਂਗ ਟਪਾਉਂਦੀ ਹੈ, ਭਗਤਾਂ ਦੀ ਚਾਕਰੀ ਕਰਦੀ ਫਿਰਦੀ ਹੈ -

**ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ।।** (ਪੰਨਾ ੨੩੧)

ਪ੍ਰੇਮ ਸਹਿਤ ਗੁਰਬਾਣੀ ਪੜ੍ਹਨ ਸੁਣਨ ਤੇ ਗਾਉਣ ਨਾਲ ਪ੍ਰਭੂ ਨਾਲ ਪ੍ਰੀਤ ਪੈ ਜਾਂਦੀ ਹੈ -

**ਬਾਣੀ ਗੁਰਬਾਣੀ ਲਾਗੇ ਤਿਨ ਹਥਿ ਚੜਿਆ ਰਾਮ।।** (ਪੰਨਾ ੪੪੨)

ਅਜੇਹਾ ਮਨੁੱਖ ਪ੍ਰਭੂ ਦੀ ਸੇਵਾ ਵਿੱਚ ਜੁਟ ਜਾਂਦਾ ਹੈ ਭਾਵ ਸੇਵਾ ਸਿਮਰਨ ਦੀ ਸੱਚੀ ਕਾਰ ਕਰਨ ਲੱਗ ਪੈਂਦਾ ਹੈ। ਲੋਕ ਤੇ ਪ੍ਰਲੋਕ ਵਿੱਚ ਬੇ-ਫਿਕਰ ਹੋ ਕੇ ਚੱਲਣ ਦਾ ਇਹੋ ਹੀ ਭੇਦ ਹੈ ਕਿ ਅਸੀਂ ਪ੍ਰਭੂ ਦੀ ਭਗਤੀ ਕਰੀਏ, ਅਨਦਿਨ ਨਾਮ ਜਪੀਏ। ਨਾਮ ਜਪਣ ਸਦਕਾ ਹੀ, ਸਾਨੂੰ ਪ੍ਰਭੂ ਦੀ ਦਰਗਾਹ ਵਿੱਚ ਥਾਂ ਮਿਲੇਗੀ। ਗੁਰੂ ਨਾਨਕ ਸਾਹਿਬ ਵੀ ਸਾਨੂੰ ਇਉਂ ਹੀ ਉਪਦੇਸ਼ ਕਰਦੇ ਹਨ :

**ਵਿਚਿ ਦੁਨੀਆ ਸੇਵ ਕਮਾਈਐ।।**
**ਤਾ ਦਰਗਹ ਬੈਸਣੁ ਪਾਈਐ।।**
**ਕਹੁ ਨਾਨਕ ਬਾਹ ਲੁਡਾਈਐ।।**

▪▪▪▪▪▪▪

## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

1. ਜੇਲ੍ਹ ਚਿੱਠੀਆਂ
2. ਗੁਰਮਤਿ ਨਾਮ ਅਭਿਆਸ ਕਮਾਈ
3. ਹਦ ਸ਼ਬਦ ਦਸਮ ਦੁਆਰ
4. ਅਣਡਿੱਠੀ ਦੁਨੀਆਂ
5. ਗੁਰਬਾਣੀ ਗੌਰਵਤਾ
6. ਗੁਰਮਤਿ ਲੇਖ
7. ਗੁਰਮਤਿ ਵੀਚਾਰ
8. ਗੁਰਮਤਿ ਪ੍ਰਕਾਸ਼
9. ਗੁਰਮਤਿ ਸੱਚ ਨਿਰਣੈ
10. ਚਰਨ ਕਮਲ ਕੀ ਮਉਜ
11. ਸੱਚਖੰਡ ਦਰਸ਼ਨ
12. ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿੱਲਖਣਤਾ
13. ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ ਪ੍ਰਸਤੀ ਹੈ
14. ਜੋਤਿ ਵਿਗਾਸ (ਮਹਾਂ ਕਾਵਿ)
15. ਰੰਗਲੇ ਸੱਜਣ
16. ਗੁਰਮਤਿ ਕਰਮ ਫਿਲਾਸਫੀ
17. ਕਥਾ ਕੀਰਤਨ
18. ਨਾਮ ਤੇ ਨਾਮ ਦਾ ਦਾਤਾ ਸਤਿਗੁਰੂ
19. ਗੁਰਮਤਿ ਬਿਬੇਕ
20. ਸੰਤ ਪਦ ਨਿਰਣੈ
21. ਝਟਕਾ ਮਾਸ ਪ੍ਰਥਾਇ ਗੁਰਮਤਿ ਤੱਤ ਨਿਰਣੈ



www.AKJ.Org

# ਆਨਮਤ ਫੋਕਟ ਧਰਮ ਕਰਮ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਜਾਨਉ ਨਹੀ ਭਾਵੈ ਕਵਨ ਬਾਤਾ।।ਮਨ ਖੋਜਿ ਮਾਰਗੁ।।੧।।ਰਹਾਉ।।
ਧਿਆਨੀ ਧਿਆਨੁ ਲਾਵਹਿ।। ਗਿਆਨੀ ਗਿਆਨੁ ਕਮਾਵਹਿ।।
ਪ੍ਰਭੁ ਕਿਨਹੀ ਜਾਤਾ।।੧।। ਭਗਉਤੀ ਰਹਤ ਜੁਗਤਾ।।
ਜੋਗੀ ਕਹਤ ਮੁਕਤਾ।। ਤਪਸੀ ਤਪਹਿ ਰਾਤਾ।।੨।।
ਮੋਨੀ ਮੋਨਿ ਧਾਰੀ।। ਸਨਿਆਸੀ ਬ੍ਰਹਮਚਾਰੀ।।
ਉਦਾਸੀ ਉਦਾਸਿ ਰਾਤਾ।।੩।। ਭਗਤਿ ਨਵੈ ਪਰਕਾਰਾ।।
ਪੰਡਿਤੁ ਵੇਦੁ ਪੁਕਾਰਾ।। ਗਿਰਸਤੀ ਗਿਰਸਤਿ ਧਰਮਾਤਾ।।੪।।
ਇਕ ਸਬਦੀ ਬਹੁ ਰੂਪਿ ਅਵਧੂਤਾ।। ਕਾਪੜੀ ਕਉਤੇ ਜਾਗੂਤਾ।।
ਇਕਿ ਤੀਰਥਿ ਨਾਤਾ।।੫।। ਨਿਰਹਾਰ ਵਰਤੀ ਆਪਰਸਾ।।
ਇਕਿ ਲੂਕਿ ਨ ਦੇਵਹਿ ਦਰਸਾ।। ਇਕਿ ਮਨ ਹੀ ਗਿਆਤਾ।।੬।।
ਘਾਟਿ ਨ ਕਿਨ ਹੀ ਕਹਾਇਆ।। ਸਭ ਕਹਤੇ ਹੈ ਪਾਇਆ।।
ਜਿਸੁ ਮੇਲੇ ਸੋ ਭਗਤਾ।।੭।।
ਸਗਲ ਉਕਤਿ ਉਪਾਵਾ।। ਤਿਆਗੀ ਸਰਨਿ ਪਾਵਾ।।
ਨਾਨਕੁ ਗੁਰ ਚਰਣਿ ਪਰਾਤਾ।।੮।।੨।।੨੭।।

(ਸਿਰੀ ਰਾਗੁ ਮ:੫, ਪੰਨਾ ੭੧)

ਗੁਰੂ ਨਾਨਕ ਸਾਹਿਬ ਆਪਣੇ ਪੰਚਮ ਸਰੂਪ ਵਿੱਚ ਫੁਰਮਾਉਂਦੇ ਹਨ, ਮੈਂ ਨਹੀਂ ਜਾਣਦਾ ਵਾਹਿਗੁਰੂ ਨੂੰ ਕਿਹੜੀ ਗੱਲ ਭਾਉਂਦੀ ਹੈ। ਹੇ ਮਨ ! ਤੱਤ ਪਰਮਾਰਥ ਦਾ ਮਾਰਗ ਖੋਜਣ ਵਿੱਚ ਲਗਿਆ ਰਹੁ। ਆਪੇ ਤੱਤ ਗੁਰਮਤਿ ਅਤੇ ਆਨਮਤ ਮਨਮਤਿ ਦਾ ਨਿਖੇੜਾ ਹੋ ਜਾਏਗਾ। ਜੋ ਆਪਣੀ ਮਤਿ ਅਨੁਸਾਰ ਜਾਂ ਆਨਮਤ ਦੇ ਪ੍ਰੇਰੇ ਹੋਏ ਧਿਆਨੀ ਬਣ ਕੇ ਧਿਆਨ ਲਾਉਂਦੇ ਫਿਰਦੇ ਹਨ ਅਤੇ ਫੋਕਟ ਗਿਆਨੀ ਬਣ ਕੇ ਗਿਆਨ ਕਮਾਉਂਦੇ ਫਿਰਦੇ ਹਨ, ਏਹਨਾਂ ਵਿੱਚੋਂ ਵਾਹਿਗੁਰੂ ਕਿਸੇ ਨੇ ਨਹੀਂ ਜਾਣਿਆ। ਵੈਸ਼ਨਵ ਭਗਤ, (ਭਗਵਤ ਦਾ ਉਪਾਸ਼ਕ) ਵਰਤ ਤੁਲਸੀ ਮਾਲਾ ਆਦਿਕ ਸੰਜਮ-ਜੁਗਤਾਂ ਵਿੱਚ ਹੀ ਐਵੇਂ ਫਾਲਤੂ ਜੁਟੇ ਰਹਿੰਦੇ ਹਨ। ਜੋਗੀ ਜਨ ਫੋਕਟ ਹਠ-ਜੋਗ ਕਮਾ ਕਮਾ ਕੇ ਅਤੇ ਬਫਾ ਬਫਾ ਕੇ ਕਹਿੰਦੇ ਹਨ ਕਿ ਅਸੀਂ ਮੁਕਤ ਹੋ ਗਏ, ਹਾਲਾਂ ਕਿ ਮੁਕਤੀ-ਮਾਰਗ ਦੇ ਉਹ ਨੇੜੇ ਵੀ ਨਹੀਂ ਢੁਕੇ ਹੁੰਦੇ। ਆਨਮਤ ਦੇ ਤਪ ਕਰਨਹਾਰਾ ਤਪੱਸੀ ਜਨ, ਆਨਮਤ ਦੇ ਅਨੇਕ ਪ੍ਰਕਾਰ ਦੇ ਤਪ ਕਰਨ ਵਿੱਚ ਹੀ ਸਾਰੀ ਉਮਰ ਰੁਝਿਆ ਰਹਿੰਦਾ ਹੈ। ਕੋਈ ਮੋਨੀ ਬਣ ਕੇ ਸਾਰੀ ਉਮਰ ਮੋਨ ਹੀ ਧਾਰੀ ਰੱਖਦਾ ਹੈ। ਏਸੇ ਤਰ੍ਹਾਂ ਸੰਨਿਆਸੀ ਸੰਨਿਆਸ ਨੂੰ ਤੇ ਬ੍ਰਹਮਚਾਰੀ ਏਕੋ ਬ੍ਰਹਮਚਰਜ ਨੂੰ ਲਈ ਬੈਠਾ ਹੈ। ਇਸੇ ਤਰ੍ਹਾਂ ਉਦਾਸੀ ਜਨ ਉਦਾਸ-ਭੇਖ ਦੇ ਪਖੰਡ ਵਿੱਚ ਹੀ ਲੱਥ ਪੱਥ ਰਹਿਣ ਨੂੰ ਸੱਚਾ ਮਾਰਗ ਦੱਸਦੇ ਹਨ। ਅਨੇਕਾਂ ਭੇਖੀ ਐਸੇ ਭੀ ਹਨ ਜੋ ਆਨਮਤ ਦਰਸਾਈ ਨੌਧਾ ਭਗਤੀ ਵਿੱਚ ਹੀ ਮੁਬਤਲਾ ਰਹਿੰਦੇ ਹਨ। ਕੋਈ ਆਨਮਤ ਭੇਖੀ ਪੁਰਸ਼ ਪੰਡਿਤ ਸਦਾ ਸਦਾ ਕੇ ਵੇਦ-ਬਕਤਾ ਤੇ ਵੇਦ ਪੁਕਾਰਨ ਦਾ ਗੁਮਾਨੀ ਬਣਿ ਬਣਿ ਬਹਿੰਦਾ ਹੈ। ਆਨਮਤ ਮਤਾਂਤਰਾਂ ਤੋਂ ਉਪਜੇ ਹੋਏ ਆਨ-ਮਤ ਅਸੂਲਾਂ ਵਾਲਾ ਗ੍ਰਿਸਤੀ, ਗ੍ਰਿਸਤੀ ਬਣ ਬਣ ਕੇ ਗ੍ਰਿਸਤ ਧਰਮ ਦਾ ਧਾਰਨੀ ਤੇ ਧਰਮਾਤਮਾ ਅਖਾਉਂਦਾ ਹੈ ਅਤੇ ਅਖਵਾ ਅਖਵਾ ਕੇ ਬਫਾਉਂਦਾ ਹੈ। ਆਲੱਖ ਆਲੱਖ ਉੱਚੀ ਉੱਚੀ ਕੂਕਣਹਾਰੇ ਕਈ ਆਨਮਤੀ ਬਹੁ-ਰੂਪੀਏ ਭੀ ਐਸੇ ਹਨ, ਜੋ ਇਸ ਮਨ-ਉਕਤ ਕੂਕ ਪੁਕਾਰ ਨੂੰ ਹੀ ਮੁਕਤੀ ਦਾ ਵਸੀਲਾ ਸਮਝੀ ਬੈਠੇ ਹਨ। ਅਨੇਕਾਂ ਐਸੇ ਹਨ ਜੋ ਨੰਗੇ, ਉੱਕੇ ਹੀ ਨਗਨ ਰਹਿ ਕੇ ਆਪਣੇ ਆਪ ਨੂੰ ਅਵਧੂਤ ਸਦਾਉਂਦੇ ਹਨ। ਇਸ ਦੇ ਮੁਕਾਬਲੇ ਵਿੱਚ ਇੱਕ ਅਨਿਕ ਪ੍ਰਕਾਰ ਦੇ ਭੇਖ ਲਿਬਾਸ ਪਹਿਨ ਕੇ ਕਾਪੜੀ ਸਦਾਉਣ ਵਿੱਚ ਪਰਮ ਪਦ ਪਾਉਣ ਦਾ ਸ਼ੁਦਾਉ ਆਪਣੇ ਮਗਜ਼ ਵਿੱਚ ਲਈ ਫਿਰਦੇ ਹਨ। ਬਹੁਤ ਸਾਰੇ ਅਨਮਤੀ-ਭੇਖੀ ਸੰਸਾਰੀਆਂ ਨੂੰ ਨਾਟਕ ਚੇਟਕ ਆਦਿਕ ਸੁਆਂਗ ਦਿਖਾ ਦਿਖਾ ਕੇ ਪ੍ਰਸੰਨ ਕਰਨ ਵਾਲੇ ਹਨ ਅਤੇ ਏਸ ਪ੍ਰਸੰਨਤਾ ਦੁਆਰਾ ਮਹਿਜ਼ ਆਪਣੀ ਵਡਿਆਈ ਹੀ ਕਰਦੇ ਹਨ। ਕੋਈ ਐਸਾ ਭੀ ਭੇਖੀ ਅਨਮਤੀ ਹੈ ਜੋ ਆਮ ਲੋਕਾਂ ਨੂੰ ਰੀਝਾਉਣ ਲਈ ਸਾਰੀ ਸਾਰੀ ਰਾਤ ਸੌਂਦਾ ਹੀ ਨਹੀਂ ਅਤੇ ਜਾਗ ਜਾਗ ਕੇ ਦਿਖਾਉਂਦਾ ਹੈ ਤੇ ਜਾਗੂਤਾ ਸਦਾਉਂਦਾ ਹੈ। ਇਸ ਪ੍ਰਕਾਰ ਦਾ ਐਸਾ ਭੀ ਆਨਮਤੀ ਫਿਰਕਾ ਹੈ ਜੋ ਤੀਰਥਾਂ ਵਿਚ ਨ੍ਹਾਈ ਜਾਣ ਨੂੰ ਹੀ ਮੁਕਤ-ਮਾਰਗੀ ਸਮਝਦਾ ਹੈ। ਅਜਿਹਾ ਆਨਮਤੀ ਫਿਰਕਾ ਭੀ ਦੇਖਣ ਵਿੱਚ ਆਇਆ ਹੈ ਜੋ ਨਿਰ-ਅਹਾਰ ਵਰਤ ਰੱਖ ਕੇ ਭੁੱਖਾ ਰਹਿ ਕੇ ਦਿਨ-ਕਟੀ ਕਰਦਾ ਹੈ। ਐਸਾ ਭੀ ਇੱਕ ਫਿਰਕਾ ਹੈ ਜੋ ਲੁਕੇ ਫਿਰਨ ਨੂੰ ਹੀ ਅਤੇ ਕਿਸੇ ਨੂੰ ਦਰਸ਼ਨ ਨਾ ਦੇਣ ਨੂੰ ਹੀ ਤੱਤ-ਦਰਸੀ ਆਪਰਸ ਕਹਾਉਂਦਾ ਹੈ। ਇਕ ਐਸੇ ਭੀ ਮਨ-ਉਕਤ ਗਿਆਨੀਆਂ ਦਾ ਫ਼ਿਰਕਾ ਹੈ ਜੋ ਆਪਣੇ ਆਪ ਹੀ ਅਜ਼ ਖ਼ੁਦ ਮਨੋ ਮਨੀ ਗਿਆਨੀ ਬਣਿਆ ਫਿਰਦਾ ਹੈ।

ਏਹਨਾਂ ਉੱਪਰ ਦੱਸੇ ਮਨਮਤੀ ਫ਼ਿਰਕਿਆ ਵਿਚੋਂ ਕਿਸੇ ਨੇ ਭੀ ਆਪਣੇ ਆਪ ਨੂੰ ਘਟ ਨਹੀਂ ਸਦਾਇਆ। ਸਾਰੇ ਹੀ ਕਹਿੰਦੇ ਹਨ ਕਿ ਅਸੀਂ ਪਾਇਆ। ਪਰ ਪਾਇਆ ਕਿਸੇ ਨੇ ਨਹੀਂ, ਜਥਾ-

"ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ।"

(ਆਸਾ ਮ:੫, ਪੰਨਾ ੩੮੨)



www.AKJ.Org

ਜਿਸ ਨੂੰ ਵਾਹਿਗੁਰੂ ਆਪ ਕਿਰਪਾ ਕਰ ਕੇ ਗੁਰੂ ਦੁਆਰਾ ਗੁਰਦੀਖਿਆ ਦੀ ਕਮਾਈ ਦੁਆਰਾ ਆਪਣੇ ਸਰੂਪ ਦਾ ਸੱਚਾ ਮਿਲਾਪ ਬਖ਼ਸ਼ੇ, ਓਹੀ ਸੱਚਾ ਭਗਤ ਹੈ। ਗੁਰ ਪ੍ਰਮਾਣ-

**ਭਗਤੁ ਤੇਰਾ ਸੋਈ ਤੁਧੁ ਭਾਵੈ**
**ਜਿਸਨੋ ਤੂ ਰੰਗੁ ਧਰਤਾ।।੨।।੨੦।।**
(ਬਸੰਤੁ ਮ: ੫ ਹਿੰਡੋਲ, ਪੰਨਾ ੧੧੯੫)

ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਮੈਂ ਕੇਵਲ ਤੇਰਾ ਬੰਦਾ ਹਾਂ, ਸਭ ਉਕਤੀਆਂ ਯੁਕਤੀਆਂ ਉਪਾਵਾਂ ਨੂੰ ਤਿਆਗ ਕੇ ਕੇਵਲ ਤੇਰੀ ਸ਼ਰਨੀ ਪਿਆ ਹਾਂ। ਗੁਰ-ਚਰਨਾਂ ਦੀ ਪ੍ਰਾਪਤੀ ਕਰਕੇ ਤੇਰੀ ਸ਼ਰਨ ਆਇਆ ਹਾਂ। ਇਹੀ ਕੇਵਲ ਨਿਰੋਲ ਗੁਰਮਤਿ ਹੈ। ਉਪਰਲੇ ਦੱਸੇ ਪਖੰਡ-ਕਿਰਿਆ ਵਾਲੇ ਸਭ ਮਨਮਤਿ ਭਰੇ ਆਨਮਤੀ ਅਸ਼ਟੰਡ ਹਨ, ਜਿਨ੍ਹਾਂ ਤੋਂ ਕੱਖ ਭੀ ਲਾਭ ਨਹੀਂ, ਬਲਕਿ ਪ੍ਰਮਾਰਥ ਤੋਂ ਸੁੰਞੇ ਰਹਿਣ ਦਾ ਹੀਲਾ ਹੈ।

**ਸਰੇ ਸਰੀਅਤਿ ਕਰਹਿ ਬੀਚਾਰੁ।।**
**ਬਿਨੁ ਬੂਝੇ ਕੈਸੇ ਪਾਵਹਿ ਪਾਰੁ।।**
**ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ।।**
**ਜਿਹਿ ਧਿਰਿ ਦੇਖਾ ਤਿਹ ਧਿਰਿ ਮਉਜੂਦੁ।।੧।।੪।।**
(ਸਿਰੀ ਰਾਗੁ ਕੀ ਵਾਰ, ਸਲੋਕ ਮ: ੧, ਪੰਨਾ ੮੪)

**ਤੱਤ ਵਿਆਖਿਆ-**

ਮੁਸਲਮਾਨੀ ਮਤ ਦੇ ਸ਼ਰਹ ਸ਼ਰੀਅਤ ਦੇ ਮਸਲੇ ਵਾਹਿਗੁਰੂ ਦੀ ਵੀਚਾਰ ਦੇ ਆਪੋ ਆਪਣੇ ਟਪਲੇ ਤਾਂ ਲਾਉਂਦੇ ਹਨ, ਪ੍ਰੰਤੂ ਵਾਹਿਗੁਰੂ ਦੇ ਨਾਮ ਰੂਪੀ ਤੱਤ ਵੀਚਾਰ ਨੂੰ ਨਹੀਂ ਬੁਝਦੇ, ਇਸ ਲਈ ਏਹਨਾਂ ਮਸਲਿਆਂ ਦੁਆਰਾ ਪਾਰ-ਉਤਾਰਾ ਕੈਸੇ ਹੋਵੇ। ਜ਼ਮੀਨ ਉੱਤੇ ਮੱਥਾ ਟੇਕ ਕੇ ਸਿਜਦਾ ਕਰਨ ਨਾਲੋਂ ਹਿਰਦੇ ਅੰਦਰ ਹੀ ਵਾਹਿਗੁਰੂ ਨਾਮ ਦੀ ਸਿਦਕ-ਮਈ ਸ਼ਰਧਾ ਨੂੰ ਧਾਰਨ ਕੀਤਾ ਜਾਏ ਅਤੇ ਮਨ ਨੂੰ ਅਸਥਿਰ ਰੱਖਣ ਨੂੰ ਹੀ ਮੱਕਾ ਮਖ਼ਸੂਸ ਕੀਤਾ ਜਾਵੇ, ਫੇਰ ਗੁਰਮਤਿ ਅਨੁਸਾਰ ਅੰਤਰਿ ਚਾਨਣਾ ਹੋਣ ਕਰਕੇ ਹਰ ਕੁੰਟ ਵਿਖੇ ਹੀ ਜਿੱਧਰ ਦੇਖੋ, ਵਾਹਿਗੁਰੂ ਹੀ ਵਾਹਿਗੁਰੂ ਦਾ ਵਜੂਦ ਮੌਜੂਦ ਦਿਸਦਾ ਹੈ, ਪਰਤੱਖ ਨਜ਼ਰੀ ਆਉਂਦਾ ਹੈ।

*******

## "ਸੂਰਾ" ਅਪ੍ਰੈਲ , ੧੯੯੫ ਵਿੱਚ ਬੱਚਿਆਂ ਲਈ ... ਗਏ ਸਵਾਲਾਂ ਦੇ ਜੁਆਬ

੧." ਆਸਾ ਕੀ ਵਾਰ" ਵਿੱਚੋਂ ਕੋਈ ਤਿੰਨ ਅਖਾਣ-
(ੳ) ਮਨਿ ਅੰਧਾ ਨਾਉ ਸੁਜਾਣੁ। (ਅ) ਬੀਜੇ ਬਿਖੁ, ਮੰਗੈ ਅੰਮ੍ਰਿਤੁ, ਵੇਖਹੁ ਇਹੁ ਨਿਆਉ। (ੲ) ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ।

੨. "ਸੁਚਿ ਹੋਵੈ ਤਾ, ਸਚੁ ਪਾਈਐ।" ਇਸ ਤੁਕ ਨੂੰ ਇਉਂ ਪਦ ਛੇਦ ਕਰਕੇ (ਨਿਖੇੜ ਕੇ) ਪੜ੍ਹਾਂਗੇ। ਇਸ ਦੇ ਅਰਥ ਹਨ ਕਿ ਜੇ ਸੱਚਾ ਪ੍ਰਭੂ ਪ੍ਰਾਪਤ ਹੋ ਜਾਏ ਤਾਂ ਹੀ ਸੁੱਚ ਹੋ ਸਕਦੀ ਹੈ ਭਾਵ ਪ੍ਰਭੂ ਪ੍ਰਾਪਤੀ ਬਿਨਾਂ ਸੁੱਚਮ ਦਾ ਕੋਈ ਅਰਥ ਨਹੀਂ।

੩.ਖਾਲੀ ਥਾਵਾਂ ਭਰਕੇ ਪੂਰੀ ਤੁਕ ਇਉਂ ਬਣਦੀ ਹੈ-
"ਕੋਊ ਬੁਤਾਨ ਕੋ ਪੂਜਤ ਹੈ ਪਸੁ,
ਕੋਊ ਮ੍ਰਿਤਾਨ ਕੋ ਪੂਜਨ ਧਾਇਓ।।"

ਇਸ ਦਾ ਅਰਥ ਹੈ ਕਿ ਕੋਈ ਮੂਰਖ (ਪਸੂ) ਬੁੱਤਾਂ ਨੂੰ ਰੱਬ ਸਮਝ ਕੇ ਪੂਜਦਾ ਹੈ, ਕੋਈ ਮੁਰਦਿਆਂ ਭਾਵ ਕਬਰਾਂ ਨੂੰ ਪੂਜਣ ਲਈ ਭੱਜਾ ਫਿਰਦਾ ਹੈ।

੪. ਗੁਰਬਾਣੀ ਦੀ ਵਿਸ਼ੇਸ਼ਤਾ ਵਿੱਚ ਚਾਰ ਵਾਕ-
(ੳ) ਇਹ ਧੁਰ ਕੀ ਬਾਣੀ ਹੈ, (ਅ) ਇਹ ਨਿਰੰਕਾਰ ਦਾ ਸਰੂਪ ਹੈ, (ੲ) ਇਹ ਗੁਰੂ ਹੈ, (ਸ) ਇਹ ਮਿੱਠੀ ਅੰਮ੍ਰਿਤਧਾਰ ਹੈ।

੫."ਆਸਾ ਕੀ ਵਾਰ" ਦੇ ਅੰਤ ਵਿੱਚ ਲਿਖੇ "ਸ਼ੁੱਧ" ਸ਼ਬਦ ਦਾ ਅਰਥ ਹੈ "ਸਹੀ" ਲਿਖਾਈ ਉਪਰੰਤ ਗਲਤੀਆਂ ਦੀ ਸੁਧਾਈ ਕਰਕੇ ਲਿਖਿਆ ਸ਼ਬਦ "ਸੁਧੁ"। ■■■■■■■■

## ਸੋਧ , "ਸੂਰਾ" ਮਈ, 95

**੧) ਪੰਨਾ ੩੬,ਕਾਲਮ ਦੂਜਾ**

ਤੀਜੇ ਸਵਾਲ ਦੇ ਜਵਾਬ ਨੂੰ ਸੋਧ ਕੇ ਇਉਂ ਪੜ੍ਹਿਆ ਜਾਏ ਜੀ-

" ਸਿਰ ਦੇ ਵਾਲਾਂ ਨੂੰ ਹਰ ਵੇਲੇ ਢਕੇ ਰੱਖਣ ਵਾਲੀ ਛੋਟੀ ਦਸਤਾਰ ਨੂੰ **ਕੇਸਕੀ** ਕਿਹਾ ਜਾਂਦਾ ਹੈ। ਇਹ ਮੁੱਖ ਦਸਤਾਰ, ਦੁਪੱਟੇ, ਸਰ੍ਹਾਣੇ, ਚਾਦਰ, ਰਜਾਈ, ਕੰਬਲ ਆਦਿ ਨੂੰ ਕੇਸਾਂ ਦੀ ਬੰਧਿਆਈ ਤੋਂ ਬਚਾਉਂਦੀ ਹੈ।

**੨) ਪੰਨਾ ੩੫, ਦੂਜਾ ਕਾਲਮ, ਹੇਠਾਂ ਕਰ ਕੇ**

ਬਾਪੂ ਜੀ ਦੀ " ਗਿਆਨ-ਵਾਨ ਬੰਦੇ" ਵਾਲੀ ਗੱਲ ਤੋਂ ਅੱਗੇ ਹੇਠ ਲਿਖੀ ਬੋਲ-ਚਾਲ ਸ਼ਾਮਲ ਕਰ ਲਈ ਜਾਏ ਜੀ-

**ਅੰਮ੍ਰਿਤਪਾਲ**:- ਬਾਪੂ ਜੀ! ਕਮਲ ਵੀ ਹੁਣ "ਵਾਹਗੂ ਵਾਹਗੂ" ਕਰਨ ਲੱਗ ਪਈ ਆ -------(ਕਮਲ-ਪ੍ਰੀਤ ਨੂੰ ਕਹਿੰਦਾ ਹੋਇਆ)

**ਕਮਲ** :- ਕਹਿ ਵਾਹਿਗੁਰੂ !

**ਕਮਲਪ੍ਰੀਤ**:- ਵਾਹਗੂ !

**ਬਾਪੂ ਜੀ**:- ਸ਼ਾਬਾਸ਼ ! ------ ਬੱਚੂ ! ਇਹਨੂੰ ਵਾਹਿਗੁਰੂ ਵਾਹਿਗੁਰੂ ਕਰਨਾ ਸਿਖਾਇਆ ਕਰੋ।

■■■■■■■



www.AKJ.Org

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

(ਮਾ: ਜਸਵੰਤ ਸਿੰਘ ਜੀ)

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸ਼ਖਸੀਅਤ ਮਹਾਨ ਗੌਰਵ-ਮਈ, ਗਹਿਰ-ਗੰਭੀਰ, ਦੀਨ-ਦੁਨੀਆਂ ਤੇ ਗੁਣਾਂ ਨਾਲ ਭਰਪੂਰ, ਵਰਤਮਾਨ ਸਮੇ ਦੀ ਅਦੁੱਤੀ, ਅਨੁਭਵੀ, ਅਸਚਰਜ ਅਤੇ ਇਨਕਲਾਬੀ ਸਖਸ਼ੀਅਤ ਸੀ। ਐਸਾ ਇਨਸਾਨ ਭਾਈ ਗੁਰਦਾਸ ਦੇ ਸ਼ਬਦਾਂ ਵਿੱਚ ਸੰਸਾਰ ਤੇ ਕਰਤਾਰ ਦੀ ਕਿਰਪਾ ਨਾਲ ਕਦੇ ਕਦਾਈਂ ਹੀ 'ਗੁਰਮੁਖਿ ਪਰਉਪਕਾਰੀ ਵਿਰਲਾ ਆਇਆ' ਹੈ ਅਤੇ ਇਹ ਗੁਰਮੁਖਿ ਸੇਵਾ, ਸਿਮਰਨ-ਸਿਖੀ ਦਾ ਰਾਹ ਦ੍ਰਿੜ੍ਹਾ, 'ਮਜਲਸ ਕਰਿ ਹੈਰਾਣੁ ਉਠਿ ਸਿਧਾਇਆ।' ਉਸ ਗੁਰਮੁਖਿ ਪਿਆਰੇ ਨੇ ਕੇਵਲ ਆਪਣੇ ਸਮਕਾਲੀ ਹਾਲਾਤ ਨੂੰ ਹੀ ਪ੍ਰਭਾਵਤ ਨਹੀਂ ਕੀਤਾ, ਸਗੋਂ ਅੱਜ ਦੇ ਅਨੇਕਾਂ ਖਰੇ ਖਿਆਲਾਤ ਵਾਲੇ ਸਾਧਾਰਣ ਤੇ ਜੁਝਾਰੂ ਜੋਧਿਆਂ ਉਤੇ ਉਹ ਆਪਣੀ ਲੇਖਣੀ ਤੇ ਜੀਵਨੀ ਰਾਹੀਂ ਅਸਰ- ਅੰਦਾਜ਼ ਹੋ ਰਿਹਾ ਹੈ। ਇੱਥੇ ਹੀ ਬਸ ਨਹੀਂ, ਉਹ ਗੁਰਮੁਖਿ ਪਿਆਰਾ, ਆਉਣ ਵਾਲੀਆਂ ਨਸਲਾਂ ਨੂੰ ਸਦੀਵ ਕਾਲ ਲਈ ਚਾਨਣ- ਮੁਨਾਰਾ ਬਣ ਕੇ ਪ੍ਰੇਰਤ ਅਤੇ ਉਤਸ਼ਾਹਤ ਕਰਦਾ ਰਹੇਗਾ।

ਆਪ ਦਾ ਜਨਮ, ੭ ਜੁਲਾਈ ੧੮੭੮ ਨੂੰ, ਐਤਵਾਰ ਨੂੰ ਮਾਲਵੇ ਦੇ ਪਿੰਡ ਨਾਰੰਗਵਾਲ ਵਿਚ ਹੋਇਆ। ਮਾਤਾ-ਪਿਤਾ ਧਰਮੀ, ਪ੍ਰਕਰਮੀ ਅਤੇ ਉਦਮੀ ਜੀਵਨ ਵਾਲੇ ਸਨ। ਸਕੂਲੀ ਸਿਖਿਆ ਦੇ ਦੌਰਾਨ ਸਿੱਖੀ ਦੀ ਲਾਗ ਅਤੇ ਗੁਰਬਾਣੀ ਦੀ ਜਾਗ ਬਿਲਕੁਲ ਨਹੀਂ ਲੱਗੀ, ਭਾਵੇਂ ਹਿਰਦਾ ਆਪ ਦਾ ਸੰਵੇਦਨਸ਼ੀਲ, ਦ੍ਰਵੀ-ਭੂਤ ਹੋਣ ਵਾਲਾ ਅਤੇ ਹੋਰ ਦੈਵੀ ਗੁਣਾਂ ਦਯਾ, ਖਿਮਾ, ਹਮਦਰਦੀ ਅਤੇ ਸਰਬੱਤ ਦੇ ਸਾਂਝੇ ਹਿੱਤ ਨਾਲ ਭਰਪੂਰ ਸੀ। ਕਾਲਜ ਦੀ ਪੜ੍ਹਾਈ ਲਈ ਆਪ ਨੂੰ ਲਾਹੌਰ ਭੇਜਿਆ ਗਿਆ। ਆਪ ਬੜੇ ਬਾਅਦਬ ਤੇ ਆਗਿਆਕਾਰੀ ਬੇਟੇ ਸਨ। ਪਿਤਾ ਜੀ ਨੇ ਲਿਖਿਆ ਕਿ ਜੇ ਤੈਂ ਸਫਲ ਹੋਣਾ ਹੈ ਤਾਂ ਸਵੇਰੇ ਜਪੁਜੀ ਸਾਹਿਬ ਤੇ ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਜ਼ਰੂਰ ਕਰਿਆ ਕਰ। ਪਿਤਾ ਦੇ ਇਸ ਪੱਤ੍ਰ ਨੇ ਪੁੱਤਰ ਨੂੰ ਐਸਾ ਵੈਰਾਗ ਤੇ ਪਿਆਰ ਉਪਜਾਇਆ ਬਾਣੀ ਰਾਹੀਂ ਕਿ ਅਵਰ ਸਭ ਤਿਆਗ ਬਾਣੀ ਦੇ ਹੀ ਆਸ਼ਕ ਹੋ ਗਏ। ਏਸੇ ਦੌਰਾਨ ਇਕੇਰਾਂ ਇਕ ਕਰਾਮਾਤੀ ਸਾਧੂ ਨਾਲ ਆਪ ਦਾ ਮੇਲ ਹੋ ਗਿਆ। ਆਪ ਉਸ ਨੂੰ ਪਹੁਤਾ ਫਕੀਰ ਸਮਝ ਕੇ ਉਸ ਉਤੇ ਲੱਟੂ ਹੋ ਗਏ, ਉਸ ਦੇ ਮਗਰ ਮਗਰ ਘੁੰਮਦੇ ਰਹੇ, ਪ੍ਰੰਤੂ ਜਦੋਂ ਉਸ ਨੂੰ ਤੰਬਾਕੂ ਦੀ ਚਿਲਮ ਦੇ ਸੂਟੇ ਲਾਂਦਿਆਂ ਵੇਖਿਆ ਤਾਂ ਯਕ ਦਮ ਹੀ ਉਸ ਦੀਆਂ ਕਰਾਮਾਤਾਂ ਤੇ ਖਿੱਚਾਂ ਦੇ ਬਾਵਜੂਦ ਉਸ ਵਲੋਂ ਮੂੰਹ ਮੋੜ ਲਿਆ। ਹੁਣ ਭਾਈ ਸਾਹਿਬ ਦਾ ਪਿਆਰ ਜਪੁਜੀ ਤੇ ਰਹਿਰਾਸ ਦੀ ਬਾਣੀ ਤੱਕ ਹੀ ਸੀਮਿਤ ਨਹੀਂ ਸੀ ਰਿਹਾ, ਹੋਰ ਬਾਣੀ ਵੀ ਖਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬਾਈ ਵਾਰਾਂ ਅਤੇ ਭਗਤ ਬਾਣੀ ਦਾ ਪਾਠ ਵੀ ਜਾਰੀ ਰਖਦੇ ਸਨ। ਜਿਸ ਦਿਨ ਫਕੀਰ ਦਾ ਤਿਆਗ ਕੀਤਾ ਸੀ, ਅਗਲੇ ਦਿਨ ਜਦੋਂ ਸਵੇਰ ਨੂੰ ਭਾਈ ਤਾਰੂ ਸਿੰਘ ਸ਼ਹੀਦ ਦੇ ਅਸਥਾਨ ਦੇ ਅੰਦਰ ਜਾਣ ਲੱਗੇ ਤਾਂ ਇਕ ਬਿਰਧ-ਬਾਬੇ ਨੇ ਇਉਂ ਅਸੀਸ ਦਿਤੀ ਤੇ ਹਿਦਾਇਤ ਕੀਤੀ:-

"ਜਾਹ ! ਤੇਰੇ ਉਤੇ ਗੁਰੂ ਕੀਆਂ ਖੁਸ਼ੀਆਂ ਹਨ।............ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰ। ਇਹੀ ਸੱਚੇ ਗੁਰੂ ਕਲਜੁਗ ਦੇ ਹਨ।.................. ਨਿਤ ਉਠ ਪਹਿਲਾਂ ਇਨ੍ਹਾਂ ਦਾ ਹੀ ਦਰਸ਼ਨ-ਪਾਠ ਕੀਤਾ ਕਰ।"

ਇਨ੍ਹਾਂ ਬਚਨਾਂ ਉਪ੍ਰੰਤ ਉਸ ਗੁਪਤ ਹੋ ਗਏ ਬਜ਼ੁਰਗ ਦੇ ਬਚਨ ਭਾਈ ਸਾਹਿਬ ਨੇ ਪੱਲੇ ਬੰਨ੍ਹ ਲਏ ਉਸ ਦਿਨ ਤੋਂ ਰੋਜ਼-ਬ-ਰੋਜ਼ ਨੇਮ ਤੇ ਪ੍ਰੇਮ ਨਾਲ ਗੁਰੂ ਜੀ ਦੇ ਦਰਸ਼ਨ ਪਰਸਨ ਅਰੰਭ ਦਿਤੇ। ਭਾਵੇਂ ਪਰਮਾਰਥ ਦੀ ਲਾਗ ਲੱਗ ਗਈ ਸੀ, ਪਰ ਪੜ੍ਹਾਈ ਵਲੋਂ ਵੀ ਅਵੇਸਲੇ ਨਹੀਂ ਸਨ, ੧੯੦੦ ਈ: ਵਿਚ ਬੀ. ਏ. ਪਾਸ ਕਰ ਲਈ। ਉਪ੍ਰੰਤ ਆਪਣੇ ਘਰ ਆ ਗਏ। ਇਨ੍ਹਾਂ ਦਿਨਾਂ ਵਿਚ ਇਨ੍ਹਾਂ ਦੇ ਪਿਤਾ ਜੀ ਸਖ਼ਤ ਬੀਮਾਰ ਹੋ ਗਏ। ਲੁਧਿਆਣੇ ਦੇ ਇਕ ਹਸਪਤਾਲ ਵਿਚ ਦਾਖਲ ਹੋਏ। ਹਾਲਤ, ਚਲਦੇ ਦਵਾ-ਦਾਰੂ ਦੇ ਬਾਵਜੂਦ ਬਹੁਤ ਵਿਗੜ ਗਈ। ਉਨ੍ਹਾਂ ਦੇ ਪਿਤਾ ਮਰਣ ਕੰਢੇ ਪੁਜ ਗਏ। ਸੇਵਾ ਲਈ ਕੋਈ ਹੋਰ ਸੱਜਣ ਜਾਂ ਸਬੰਧੀ ਉਥੇ ਨਹੀਂ ਸੀ। ਭਾਈ ਸਾਹਿਬ ਜੀ ਨੂੰ ਗੁਰਬਾਣੀ ਦੀ ਸ਼ਫ਼ਾ-ਬਖ਼ਸ਼ ਤਾਕਤ 'ਤੇ ਵਿਸ਼ਵਾਸ਼ ਉਪਜ ਆਇਆ। ਸ੍ਰੀ ਜਪੁਜੀ ਸਾਹਿਬ ਦੇ ਪਾਠ, ਮਨ ਹੀ ਮਨ ਆਰੰਭ ਦਿਤੇ। ਕੁਝ ਪਾਠਾਂ ਦੇ ਉਪਰੰਤ ਸੁਰਤੀ ਮੰਨੇ ਦੀ ਪਹਿਲੀ ਪਉੜੀ ਵਿਚ ਅਟਕ ਗਈ। ਪਾਠ, ਅਗਾਂਹ ਤੁਰੇ ਹੀ ਨਾ। ਇਸ ਪਾਠ ਦੀ ਕਰਾਮਾਤ ਇਹ ਵਾਪਰੀ ਕਿ ਭਾਈ ਸਾਹਿਬ ਖੁਦ, ਜੋ ਉਸ ਵੇਲੇ ਬੁਖ਼ਾਰ ਨਾਲ ਬੀਮਾਰ ਸਨ, ਅਤੇ ਉਨ੍ਹਾਂ ਦੇ ਪਿਤਾ ਜੋ ਬਿਸਤਰੇ ਮਰਗ 'ਤੇ ਸਨ, ਅਰੋਗ ਤੇ ਨੌਂ-ਬਰ-ਨੌਂ ਹੋ ਗਏ। ਆਪ ਦਾ ਸਿਦਕ ਤੇ ਵਿਸ਼ਵਾਸ਼ ਹੋਰ ਦ੍ਰਿੜ ਹੋ ਗਿਆ।

੧੯੦੨ ਵਿਚ, ਪੰਜਾਬ ਵਿਚ ਪਲੇਗ ਫੈਲਣ ਸਮੇਂ, ਭਾਈ



www.AKJ.Org

ਸਾਹਿਬ ਨੂੰ ਨਾਇਬ ਤਸੀਲਦਾਰ ਬਣਾ ਕੇ, ਇਕ ਅੰਗ੍ਰੇਜ਼ ਡਾਕਟਰ ਨਾਲ ਉਸਦੇ ਨਿਜੀ ਸਹਾਇਕ ਵਜੋਂ ਡੀਊਟੀ ਲਾ ਦਿੱਤੀ ਗਈ। ਉਸ ਡਾਕਟਰ ਨਾਲ ਜਿੰਨਾਂ ਅਮਲਾ ਫੈਲਾ ਸੀ, ਸਾਰੇ ਦਾ ਸਾਰਾ ਹੇਰਾ-ਫੇਰੀ ਤੇ ਰਿਸ਼ਵਤ ਦਾ ਸ਼ਿਕਾਰ ਸੀ। ਆਪ ਜੀ ਨੇ ਆਉਂਦੇ ਸਾਰ ਹੀ ਉਨ੍ਹਾਂ ਦਾ ਹਲਵਾ-ਮੰਡਾ ਬੰਦ ਕਰਾ ਦਿਤਾ ਤਾਂ ਉਲਟਾ ਉਸ ਅਮਲੇ ਨੇ ਡਾਕਟਰ ਪਾਸ ਸ਼ਿਕਾਇਤ ਪੁਚਾਈ ਕਿ ਤੁਹਾਡਾ ਨਵਾਂ ਸਹਾਇਕ ਸਾਨੂੰ ਨਾਜਾਇਜ਼ ਤੰਗ ਕਰਦਾ ਹੈ। ਭਾਈ ਸਾਹਿਬ ਨੇ ਐਸੇ ਪਾਜ ਉਘੇੜੇ ਪਾਜੀਆਂ ਦੇ ਕਿ ਲੈਣੇ ਦੇ ਦੇਣੇ ਪੈ ਗਏ। ਭਾਈ ਸਾਹਿਬ ਦੀ ਸਚਿਆਈ ਦਾ ਸਿੱਕਾ ਪੱਕੀ ਤਰ੍ਹਾਂ ਡਾਕਟਰ ਦੇ ਦਿਲ ਵਿਚ ਬੈਠ ਗਿਆ। ਏਸ ਸਰਵਿਸ ਦੇ ਸਮੇਂ ਵਿਚ, ਅੰਗ੍ਰੇਜ਼ ਡਾਕਟਰ, ਜੋ ਭਾਈ ਸਾਹਿਬ ਨਾਲ ਧਾਰਮਿਕ ਵਿਚਾਰਾਂ ਕਰਨ ਲੱਗ ਪਿਆ ਸੀ, ਸਿੱਖਾਂ ਦੇ ਇਸ ਅਕੀਦੇ ਨਾਲ ਸਹਿਮਤ ਹੋ ਗਿਆ ਕਿ ਸਿੱਖਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ, ਬੁੱਤ-ਪ੍ਰਸਤੀ ਨਹੀਂ ਬਲਕਿ ਰੱਬ-ਪ੍ਰਸਤੀ ਹੈ। ਬਾਅਦ ਵਿਚ ਅੰਗ੍ਰੇਜ਼ ਡਾਕਟਰ ਨਾਲ ਹੋਈ ਗੋਸ਼ਟੀ ਭਾਈ ਸਾਹਿਬ ਨੇ ਇਕ ਪੁਸਤਕ ਦੀ ਸ਼ਕਲ ਵਿਚ ਅੰਕਿਤ ਕਰ ਦਿੱਤੀ, ਜਿਸਦਾ ਨਾਂ ਹੈ :

**ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ-ਬੁੱਤ-ਪ੍ਰਸਤੀ ਹੈ ?**

ਜਦ ਭਾਈ ਸਾਹਿਬ ਨੇ ਦੇਖਿਆ ਕਿ ਅੰਗ੍ਰੇਜ਼ ਹਕੂਮਤ ਦੀ ਸਾਰੀ ਮਸ਼ੀਨਰੀ ਹੀ ਵਿਗੜੀ ਹੋਈ ਹੈ, ਅਤੇ ਸਰਕਾਰੀ ਸਰਵਿਸ ਵਿਚ ਖਲਕਿ-ਖੁਦਾ ਦੀ ਸੇਵਾ ਵਾਲੀ ਮਿਸ਼ਨਰੀ ਸਪਿਰਟ ਕਾਇਮ ਨਹੀਂ ਰਹਿ ਸਕਦੀ ਤਾਂ ਆਪ ਨੇ ਨੌਕਰੀ ਤੋਂ ਤਿਆਗ-ਪੱਤ੍ਰ ਦੇ ਦਿੱਤਾ।

ਭਾਈ ਸਾਹਿਬ ਦੇ ਅੰਦਰ ਖੰਡੇ-ਬਾਟੇ ਦਾ ਅੰਮ੍ਰਿਤ ਛਕਣ ਦੀ ਪਿਆਸ ਪੈਦਾ ਹੋ ਚੁੱਕੀ ਸੀ ਅਤੇ ੧੯੦੩ ਵਿਚ ੧੪ ਜੂਨ ਨੂੰ ਫਿਲੌਰ ਦੇ ਨੇੜੇ ਇਕ ਪਿੰਡ ਬਕਾਪੁਰ ਵਿਚ ਵਿਸ਼ੇਸ਼ ਅੰਮ੍ਰਿਤ-ਸੰਚਾਰ ਸਮਾਗਮ ਵਿਚ ਆਪ ਨੇ ਅੰਮ੍ਰਿਤ-ਪਾਨ ਕਰ ਲਿਆ। ਇਸ ਦੇ ਨਾਲ ਹੀ ਜਿਵੇਂ ਆਪ ਦਾ ਨਵਾਂ ਜਨਮ ਹੋ ਗਿਆ ਹੋਵੇ, ਆਪ ਦੀ ਕਾਇਆ-ਕਲਪ ਹੋ ਗਈ। ਗੁਰਬਾਣੀ ਤਾਂ ਆਪ ਦਾ ਆਧਾਰ ਹੀ ਬਣ ਗਈ, ਦਿਨ-ਰਾਤ ਗੁਰਬਾਣੀ ਦੀ ਹੀ ਲਟਕ ਲੱਗੀ ਰਹੇ, ਪ੍ਰੰਤੂ ਨਾਮ ਦੀ ਦ੍ਰਿੜਤਾ ਨਹੀਂ ਹੋਈ। ਅਗਲੇ ਹੀ ਸਾਲ ਭਾਵ ੧੯੦੪ ਵਿਚ ਇਕ ਵਿਸ਼ੇਸ਼ ਚਮਤਕਾਰ ਵਾਪਰਿਆ ਅਤੇ ਆਪ ਨੇ ਸਰਬ-ਲੋਹ ਬਿਬੇਕ ਧਾਰਨ ਕਰ ਲਿਆ। ਇਸੇ ਹੀ ਸਾਲ ਲੋਕਲ-ਸੰਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਆਪ ਨੂੰ ਹੁਕਮ ਦੇ ਕੇ ਐਬਟਾਬਾਦ ਹੈੱਡ-ਕਲਰਕ ਦੀ ਨੌਕਰੀ ਤੇ ਜਾਣ ਲਈ ਰਜ਼ਾਮੰਦ ਕਰ ਲਿਆ। ਇਥੇ ਇਕ ਅਸਚਰਜ ਕੌਤਕ ਰਾਹੀਂ ਸੱਚੇ ਪਾਤਸ਼ਾਹ ਨੇ ਆਪ ਨੂੰ ਨਾਮ ਦ੍ਰਿੜ੍ਹ ਕਰਾ ਦਿਤਾ। ਇਥੇ ਹੀ ਆਪ ਨੇ ਦੋ ਸ੍ਰੀ ਅਖੰਡ ਪਾਠ ਨਵੰਬਰ ੧੯੦੪ ਤੇ ਜਨਵਰੀ ੧੯੦੫ ਵਿਚ ਇਕੋ ਚੌਂਕੜੇ ਵਿਚ ਸੁਣੇ। ਆਪ ਨੂੰ ਨੌਕਰੀ ਛੱਡ ਕੇ ਘਰ ਆ ਜਾਣ ਦੀ ਪ੍ਰੇਰਨਾ ਹੋਈ ਅਤੇ ਉਸ ਉਪਰੰਤ ਉਹ ਪਰਤ ਆਏ। ਪਿਤਾ ਜੀ ਅਤੇ ਸਜਣਾਂ ਸਬੰਧੀਆਂ ਦੀ ਪ੍ਰੇਰਨਾ ਨਾਲ ਆਪ ਇਕ ਵਾਰੀ ਇਕ ਇਸਾਈ ਮਿਸ਼ਨਰੀ ਸਕੂਲ ਵਿਚ ਅਧਿਆਪਕੀ ਦੀ ਸੇਵਾ ਤੇ ਆਣ ਲੱਗੇ ਪਰ ਤੀਜੇ ਦਿਨ ਹੀ ਉਹ ਸੇਵਾ ਛੱਡਣੀ ਪਈ। ਅਸਲ ਵਿਚ ਸਕੂਲ-ਪ੍ਰਬੰਧਕਾਂ ਨੇ ਸਮਝਿਆ ਕਿ ਇਹ ਸਿਖਸ਼ਕ ਤਾਂ ਸਕੂਲ ਨੂੰ ਸਿੱਖ ਬਣਾ ਦੇਵੇਗਾ। ਫੇਰ ਖ਼ਾਲਸਾ ਕਾਲਜ ਅੰਮ੍ਰਿਤਸਰ ਨੂੰ ਸੁਭਾਗ ਪ੍ਰਾਪਤ ਹੋਇਆ ਕਿ ਸ੍ਰ: ਸ਼ਾਮ ਸਿੰਘ ਅਟਾਰੀ ਵਾਲੇ ਦੇ ਪੋਤਰੇ ਸ: ਹਰਬੰਸ ਸਿੰਘ ਦੀ ਪ੍ਰੇਰਨਾ ਨਾਲ, ਕੁਝ ਸਮਾਂ ਆਪ ਜੀ ਇਥੋਂ ਦੇ ਹੋਸਟਲ ਸੁਪ੍ਰੀਟੈਂਡੈਂਟ ਨੀਯਤ ਰਹੇ।

ਜਦੋਂ ੧੯੧੪ ਦੇ ਸ਼ੁਰੂ ਸ਼ੁਰੂ ਵਿਚ ਅੰਗ੍ਰੇਜ਼ ਸਰਕਾਰ ਨੇ, ਕੁਝ ਰਈਸ ਸਿੱਖ ਸਰਦਾਰਾਂ ਨੂੰ ਆਪਣੇ ਹੱਥ ਲੈ ਕੇ, ਗੁਰਦੁਆਰਾ ਸ੍ਰੀ ਰਕਾਬਗੰਜ ਦੀ ਕੰਧ, ਸੜਕ ਨੂੰ ਸਿੱਧਾ ਕਰਨ ਦੇ ਬਹਾਨੇ ਗਿਰਾ ਦਿਤੀ, ਉਸ ਸਮੇਂ ਭਾਈ ਸਾਹਿਬ ਨੇ ਸਿੱਖ ਸੰਗਤਾਂ ਵਿਚ ਜਾਗ੍ਰਿਤੀ ਪੈਦਾ ਕਰਨ ਲਈ ਵੱਧ ਚੜ੍ਹ ਕੇ ਹਿੱਸਾ ਲਿਆ। ਅੰਤ ਅੰਗ੍ਰੇਜ਼ ਸਰਕਾਰ ਨੂੰ ਮੂੰਹ ਦੀ ਖਾਣੀ ਪਈ, ਕੰਧ ਬਣਾਉਣੀ ਪਈ।

ਇਨ੍ਹੀਂ ਦਿਨੀਂ ਸ੍ਰੀ ਹਰਿਮੰਦਰ ਸਾਹਿਬ ਸਹਿਤ, ਇਤਿਹਾਸਕ ਗੁਰਦੁਆਰਿਆਂ ਉਤੇ ਆਚਰਣਹੀਨ ਮਹੰਤਾਂ ਦਾ ਕਬਜ਼ਾ ਸੀ। ਉਨ੍ਹਾਂ ਵਲੋਂ ਮਨ ਆਈਆਂ, ਇਖਲਾਕੋਂ ਗਿਰੀਆਂ ਕਾਰਵਾਈਆਂ ਹੁੰਦੀਆਂ ਸਨ। ਭਾਈ ਸਾਹਿਬ ਨੇ ਆਪਣੀ ਅਤੇ ਆਪਣੇ ਸਾਥੀਆਂ ਦੀ ਜਾਨ ਜੋਖਮ ਵਿੱਚ ਪਾ ਕੇ ਇਨ੍ਹਾਂ ਮਨਮੱਤੀਆਂ ਬਦ-ਚਲਨ ਮਹੰਤਾਂ ਨੂੰ ਸੋਧ ਕੇ ਕੁਝ ਕੁ ਗੁਰਦੁਆਰਿਆਂ ਉਤੇ ਪੰਥਕ ਕਬਜ਼ੇ ਕਰਵਾਏ।

ਭਾਈ ਸਾਹਿਬ ਹਰ ਤਰ੍ਹਾਂ ਦੀ ਗੁਲਾਮੀ ਦੇ ਕੱਟੜ ਵਿਰੋਧੀ ਸਨ। ਦੇਸ ਦੀ ਆਜ਼ਾਦੀ ਦੀ ਖ਼ਾਤਰ ਆਪ ਨੇ ਗ਼ਦਰੀ ਬਾਬਿਆਂ ਦਾ ਪੂਰਾ ਸਾਥ ਦਿੱਤਾ। ਕਰਤਾਰ ਸਿੰਘ ਸਰਾਭਾ ਨਾਲ ਮਿਲ ਕੇ ਬਣਾਏ ਪ੍ਰੋਗਰਾਮ ਅਨੁਸਾਰ ੧੯ ਫਰਵਰੀ ਦੀ ਸ਼ਾਮ ਨੂੰ ਆਪਣੇ ਸੱਠ ਸਾਥੀਆਂ ਸਹਿਤ ਫ਼ੀਰੋਜ਼ਪੁਰ ਛਾਉਣੀ ਬਗਾਵਤ ਕਰਨ ਲਈ ਪੁੱਜ ਗਏ। ਉਥੇ ਪਤਾ ਲੱਗਾ ਕਿ ਕਿਸੇ ਮੁਖ਼ਬਰ ਰਾਹੀਂ ਉਨ੍ਹਾਂ ਦੀ ਸਕੀਮ ਦਾ ਭਾਂਡਾ ਭੱਜ ਗਿਆ ਹੈ। ਸੋ ਆਪ ਜੀ ਤੇ ਸਾਰੇ ਸਾਥੀ ਘਰੋਂ ਘਰੀਂ ਪਰਤ ਆਏ। ਅੰਗ੍ਰੇਜ਼ ਸਰਕਾਰ ਖ਼ਬਰਦਾਰ ਹੋ ਗਈ ਸੀ ਤੇ ਉਸ ਨੇ ਇਹਤਿਆਤੀ ਕਦਮ ਉਠਾ ਲਏ ਸਨ। ਗ਼ਦਰੀ ਬਾਬਿਆਂ ਤੇ ਦੇਸ਼-ਭਗਤਾਂ ਦੀ ਫੜੋ-ਫੜੀ ਸ਼ੁਰੂ ਹੋ ਗਈ। ਭਾਈ ਸਾਹਿਬ ਵੀ ੯ ਮਈ ੧੯੧੫ ਨੂੰ ਨਾਭੇ ਵਿੱਚ, ਜਿਥੇ ਉਹ ਆਪਣੇ ਪਿਤਾ ਸ: ਨੱਥਾ ਸਿੰਘ (ਜੋ ਹਾਈ ਕੋਰਟ ਦੇ ਜੱਜ ਸਨ) ਪਾਸ ਠਹਿਰੇ ਹੋਏ ਸਨ, ਫੜੇ ਗਏ। ਮੁਕੱਦਮਾ



www.AKJ.Org

ਚਲਿਆ ਤੇ 30 ਮਾਰਚ ੧੯੧੬ ਨੂੰ ਦੂਜੇ ਸਾਜਸ਼ ਕੇਸ, ਲਾਹੌਰ ਅਨੁਸਾਰ ਉਮਰ ਕੈਦ ਅਤੇ ਜਾਇਦਾਦ ਜ਼ਬਤੀ ਦਾ ਫੈਸਲਾ ਸੁਣਾਇਆ ਗਿਆ। ਇਸ ਦੌਰਾਨ ਪੁਲੀਸ ਅਫਸਰਾਂ ਨਾਲ ਜੋ ਭਾਈ ਸਾਹਿਬ ਦੀ ਗੱਲ-ਬਾਤ ਹੋਈ, ਉਹ ਬੜੀ ਰੌਚਕ ਤੇ ਪ੍ਰਭਾਵਸ਼ਾਲੀ ਹੈ ਜੋ ਭਾਈ ਸਾਹਿਬ ਦੇ ਆਪਣੇ ਸ਼ਬਦਾਂ ਵਿੱਚ ਲਿਖੀ 'ਜੇਲ੍ਹ ਚਿੱਠੀਆਂ' ਵਿੱਚ ਪੜ੍ਹੀ ਜਾ ਸਕਦੀ ਹੈ। ਜੇਲ੍ਹ ਵਿਚਲੇ ਕਸ਼ਟਾਂ ਅਤੇ ਸਰਕਾਰੀ ਜ਼ੁਲਮਾਂ ਦੀ ਕਹਾਣੀ, ਭਾਈ ਸਾਹਿਬ ਦੀ ਆਪਣੀ ਜ਼ਬਾਨੀ, ਏਸੇ ਪੁਸਤਕ ਵਿਚੋਂ ਪ੍ਰਾਪਤ ਹੋ ਸਕਦੀ ਹੈ। ਇਹ ਕਹਾਣੀ ਬੜੀ ਦਿਲਚਸਪ, ਦਿਲ-ਹਿਲਾਣੀ, ਦਰਦ-ਰੰਵਾਣੀ, ਵਾਕਫੀਅਤ-ਵਧਾਣੀ, ਅਤੇ ਸਿੱਖੀ-ਸਮਝਾਣੀ ਹੈ। ਇਕ ਵਾਰੀ ਤਾਂ ਭਾਈ ਸਾਹਿਬ ਨੂੰ, ਨਾਗਪੁਰ ਜੇਲ੍ਹ ਅੰਦਰ, ਲੱਤਾਂ-ਬਾਹਾਂ ਜੂੜ-ਜਕੜ ਕੇ, ਦੰਦਾਂ-ਦਾੜ੍ਹਾਂ ਤੋੜ ਕੇ, ਧੱਕੇ ਨਾਲ ਦੁੱਧ ਅੰਦਰ ਘਲਿਆ ਗਿਆ। ਇਸ ਘਟਨਾ ਬਾਰੇ ਦੋ ਚਾਰ ਸਤਰਾਂ ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ "ਡੇਢ ਘੰਟਾ ਘੁਲਣ ਪਿਛੋਂ ਹਾਰ ਹੰਭ ਕੇ ਥੋੜਾ ਦੁੱਧ ਅੰਦਰ ਚਾੜ੍ਹ ਕੇ ਤੁਰਨ ਲੱਗੇ ਹੀ ਸੀ ਕਿ ਦੁੱਧ ਅੰਦਰੋਂ ਉੱਛਲ ਕੇ ਸਭ ਬਾਹਰ ਜਾ ਪਿਆ। ਕਾਲਜੇ ਨੇ ਕਬੂਲਿਆ ਨਾ। ਇਸ ਪਰ ਮੇਰੀ ਦਾੜ੍ਹੀ ਖਿੱਚੀ ਗਈ ਤੇ ਕੇਸ ਪੁੱਟੇ ਗਏ ਅਤੇ ਲੱਤਾਂ ਮੁੱਕੀਆਂ ਦੀ ਮਾਰ ਨਾਲ ਅਧ-ਮੋਇਆ ਕਰ ਕੇ ਮੈਨੂੰ ਸਿੱਟ ਗਏ। ਦੂਜੇ ਦਿਨ ਫੇਰ ਆ ਕੇ ਦਾਲ ਦਾ ਪਾਣੀ ਅੰਦਰ ਲੰਘਾਇਆ।

ਤੀਜੇ ਦਿਨ ਕੁੱਠਾ, ਗਊ-ਮਾਸ ਦਾ ਅਰਕ ਤੇ ਬਿਖਿਆ (ਤਮਾਕੂ) ਆਦਿਕ ਲਿਆ ਕੇ ਅੱਗੇ ਰਖਿਆ ਗਿਆ ਕਿ ਰੋਟੀ ਖਾਓ, ਨਹੀਂ ਤਾਂ ਇਹ ਚੀਜ਼ਾਂ ਤੈਨੂੰ ਮੱਲੋ-ਮੱਲੀ ਖੁਆਈਆਂ ਜਾਣਗੀਆਂ ਤੇ ਤੇਰੇ ਕੇਸ ਕੱਟੇ ਜਾਣਗੇ ਤੇ ਤੈਨੂੰ ਪਾਗਲ ਖਾਨੇ ਭੇਜਿਆ ਜਾਊ।।" ਇਸੇ ਤਰ੍ਹਾਂ ਇੱਕ ਵੇਰ ਮੁਲਤਾਨ ਜੇਲ੍ਹ ਵਿਚ ਆਪ ਜੀ ਨੂੰ 40 ਦਿਨ ਅੰਨ-ਜਲ ਬਿਨਾਂ ਬਿਤਾਉਣੇ ਪਏ। ਜੇਲ੍ਹ ਵਿਚਲੇ ਬਹੁਤ ਸਾਰੇ ਕਸ਼ਟਾਂ ਦਾ ਕਾਰਨ, ਉਨਾਂ ਦਾ ਖਾਣ-ਪੀਣ ਸਬੰਧੀ ਸਰਬ-ਲੋਹ ਬਿਬੇਕ ਦਾ ਪਹਿਰਾ ਹੀ ਸੀ।

ਸ਼੍ਰੋ. ਗੁ. ਪ੍ਰ. ਕਮੇਟੀ, ਅੰਮ੍ਰਿਤਸਰ ਨੇ ਭਾਈ ਸਾਹਿਬ ਤੇ ਹੋਰ ਜੇਲ੍ਹੀਂ ਬੈਠੇ ਸਿੰਘਾਂ ਦੀ ਹਮਦਰਦੀ ਵਿੱਚ ਸਿੱਖ ਜਗਤ ਨੂੰ ਅਪੀਲ ਕੀਤੀ ਕਿ ੧ ਫਰਵਰੀ ੧੯੨੩ ਨੂੰ ਅਰਦਾਸ ਦਿਵਸ ਮਨਾਇਆ ਜਾਵੇ। ੧੪ ਸਾਲ ਤੋਂ ਉੱਪਰ ਦਾ ਕੋਈ ਸਿੱਖ ਸਵੇਰ ਤੋਂ ਰਹਿਰਾਸ ਤੱਕ ਅੰਨ-ਜਲ ਅੰਗੀਕਾਰ ਨਾ ਕਰੇ। ਭਾਈ ਸਾਹਿਬ ਨੂੰ ਇਸ ਅਰਦਾਸ ਰਾਹੀਂ ਬਹੁਤ ਰੂਹਾਨੀ ਸਹਾਇਤਾ ਮਿਲੀ ਅਤੇ ਆਪ ਨੇ ਗੁਰੂ ਪੰਥ ਤੇ ਕਮੇਟੀ ਦਾ ਕੋਟਾਨ ਕੋਟ ਧੰਨਵਾਦ ਕੀਤਾ। ਆਖਿਰ 4-10-1923 ਨੂੰ ਭਾਈ ਸਾਹਿਬ ਨੂੰ ਰਿਹਾ ਕਰ ਦਿੱਤਾ ਗਿਆ।

ਤਖ਼ਤ ਸਾਹਿਬਾਨ ਵਲੋਂ, ਆਪ ਜੀ ਰਾਹੀਂ ਜੇਲ੍ਹਾਂ ਵਿੱਚ ਘਾਲੀ ਘਾਲ ਦੀ ਪ੍ਰਸੰਸਾ ਕੀਤੀ ਗਈ, ਸਿਰੋਪਾਉ ਤੇ ਹੁਕਮਨਾਮੇ ਰਾਹੀਂ ਆਪ ਜੀ ਨੂੰ ਨਿਵਾਜਿਆ ਗਿਆ। ਪ੍ਰਸਿੱਧ ਗੁਰਧਾਮਾਂ ਦੇ ਨੀਂਹ-ਪੱਥਰ ਰੱਖਣ ਲਈ ਆਪ ਜੀ ਨੂੰ ਪੰਜਾਂ ਪਿਆਰਿਆਂ ਵਿੱਚ ਸ਼ਾਮਲ ਕੀਤਾ ਗਿਆ।

ਰਿਹਾਈ ਤੋਂ ਬਾਅਦ ਆਪ ਸਾਢੇ ਤੀਹ ਸਾਲ ਸਰੀਰਕ ਰੂਪ ਵਿੱਚ ਸੰਗਤਾਂ ਦੇ ਨਾਲ ਨਾਲ ਵਿਚਰਦੇ ਰਹੇ। ਸੰਗਤਾਂ ਦੇ ਲਾਲੇ ਗੋਲੇ ਬਣੇ ਰਹੇ। ਅਖੰਡ-ਕੀਰਤਨਾਂ, ਅਖੰਡ-ਪਾਠਾਂ ਅਤੇ ਅੰਮ੍ਰਿਤ-ਸੰਚਾਰ ਦੇ ਸਮਾਗਮ ਰਚ ਰਚ ਕੇ ਗੁਰਮਤਿ ਦਾ ਪ੍ਰਕਾਸ਼, ਪ੍ਰਚਾਰ ਅਤੇ ਪਸਾਰ ਕੀਤਾ। ੩੬, ੩੬ ਘੰਟੇ ਲਗਾਤਾਰ ਕੀਰਤਨ ਕਰਦੇ ਸੁਣਦੇ ਅੱਕਦੇ ਥੱਕਦੇ ਨਹੀਂ ਸਨ। ਭੁੱਖ, ਨੀਂਦ, ਖਾਣਾ, ਸੌਣਾ ਸਭ ਵਿਸਰ ਜਾਂਦੇ ਸਨ। ਸੰਗਤਾਂ ਨਾਲ ਪੰਡਾਲ ਭਰੇ ਰਹਿੰਦੇ ਸਨ। ਅਖੰਡ-ਪਾਠ ਦੇ ਦੌਰਾਨ ਕੀਰਤਨ-ਸਮਾਗਮ ਨਹੀਂ ਰਖਦੇ ਸਨ।

ਅਖੰਡ-ਪਾਠ ਸੁਣਨ ਲਈ ਵੀ ਸੰਗਤਾਂ ਵਿੱਚ ਉਤਸ਼ਾਹ, ਉਮਾਹ ਤੇ ਸ਼ਰਧਾ ਹੁੰਦੀ ਸੀ। ਅੰਮ੍ਰਿਤ-ਸੰਚਾਰ ਸਮਾਗਮਾਂ ਵਿੱਚ ਪੰਜਾਂ ਪਿਆਰਿਆ ਵਿੱਚ ਆਪ ਤਾਂ ਸ਼ਾਮਲ ਨਹੀਂ ਸੀ ਹੁੰਦੇ, ਪਰ ਬਾਊ ਮੱਲ ਸਿੰਘ ਜੀ ਹੁਰਾਂ ਨੂੰ, ਜੋ ਇੱਕ ਕਮਾਲ ਦੀ ਰੂਹ ਸਨ, ਇਨ੍ਹਾਂ ਸਮਾਗਮਾਂ ਦੀ ਸੇਵਾ ਸਹਿਜ ਸੁਭਾ ਵਿੱਚ ਸੌਂਪੀ ਹੋਈ ਸੀ।

ਆਪ ਦਾ ਰਚਿਆ ਗੁਰਮਤਿ ਸਾਹਿਤ ਪੰਥ ਨੂੰ ਇੱਕ ਮਹਾਨ ਦੇਣ ਹੈ। ਆਪ ਦੀ ਮਹਾਨ ਸ਼ਖ਼ਸੀਅਤ ਆਪ ਦੇ ਉਪਜਾਏ ਸਾਹਿਤ ਵਿੱਚ ਉਮਲ ਉਮਲ ਕੇ ਟਪਕਦੀ ਹੈ। ਹਰ ਪੁਸਤਕ, ਗੁਰਮਤਿ ਦੇ ਕਿਸੇ ਨ ਕਿਸੇ ਸਿਧਾਂਤ ਉੱਤੇ ਗੁਰਬਾਣੀ ਰਾਹੀਂ ਨਵੀਨ ਰੋਸ਼ਨੀ ਪਾ ਕੇ, ਭਰਮ ਭੁਲੇਖੇ ਹਟਾ ਕੇ, ਉਸ ਦਾ ਸਿੱਕਾ ਸਾਡੇ ਮਨਾਂ 'ਤੇ ਬਿਠਾ ਦੇਂਦੀ ਹੈ। ਸਿੱਖ ਇਤਿਹਾਸ ਵਿੱਚ ਕਿਸੇ ਸਿਮਰਨ-ਸਰੂਪ ਹੋਈ ਸ਼ਖ਼ਸੀਅਤ ਨੇ ਏਨਾ ਬਹੁ-ਪੱਖੀ ਧਾਰਮਿਕ ਸਾਹਿਤ ਨਹੀਂ ਉਪਜਾਇਆ। ਗੁਰਬਾਣੀ ਦਾ ਮੁੱਖ ਵਿਸ਼ਾ ਹੀ ਨਹੀਂ, ਸਗੋਂ ਇਕੋ ਇਕ ਵਿਸ਼ਾ ਨਾਮ ਹੀ ਹੈ; ਬਾਕੀ ਸਾਰੀ ਰਹਿਤ-ਮਰਿਆਦਾ ਨਾਮ ਦੇ ਅਧੀਨ ਅਤੇ ਨਾਮ-ਮਾਰਗ ਦੀ ਸਹਾਇਕ ਹੈ। ਇਸੇ ਤਰ੍ਹਾਂ ਭਾਈ ਸਾਹਿਬ ਦਾ ਲਿਖਿਆ ਅੱਖਰ ਅੱਖਰ ਨਾਮ-ਕੇਂਦਰ ਦੇ ਦੁਆਲੇ ਹੀ ਘੁੰਮਦਾ ਹੈ। ਏਨਾ ਨਵੇਕਲਾ, ਨਿਰਾਲਾ, ਉਜਾਲਾ ਤੇ ਬਾਲਾ (ਉੱਚਾ) ਅਸਥਾਨ ਰੱਖਦੇ ਹੋਏ ਵੀ ਉਹ ਸਾਡੇ ਵਿੱਚ ਸਾਡੇ 'ਭਾਈ' ਬਣ ਕੇ ਹੀ ਰਹੇ। ਬਾਣੀ ਤੇ ਬਾਣੇ ਦੀ ਮੁਸ਼ਤਾਕ, ਇਹ ਮਹਾਨ ਮਨਮੋਹਣੀ ਸੂਰਤ ੧੬ ਅਪ੍ਰੈਲ ੧੯੬੧ ਨੂੰ ਸਾਥੋਂ ਸਰੀਰਕ ਤੌਰ ਤੇ ਸਦਾ ਲਈ ਵਿਦਾ ਹੋ ਗਈ।

ਗੁਣੀਆ ਗੁਣ ਲੇ ਪ੍ਰਭ ਮਲੇ ਕਿਉ ਤਿਨ ਮਿਲਉ ਪਿਆਰਿ।।
ਤਿਨ ਹੀ ਜੈਸੀ ਥੀ ਰਹਾਂ ਜਪਿ ਜਪਿ ਰਿਦੈ ਮੁਰਾਰਿ।।
(ਪੰ. ੬੩੬)

********


www.AKJ.Org

# ਭਾਈ ਰਣਧੀਰ ਸਿੰਘ ਜੀ ਦੀ ਸ਼ੈਲੀ

ਭਾਈ ਰਣਧੀਰ ਸਿੰਘ ਜੀ ਰੰਗਲੇ ਸੱਜਣ ਸਨ। ਜਦ ਉਹ ਕੀਰਤਨ ਕਰਨ ਲੱਗਦੇ ਤਾਂ ਉਹ ਸਤਿਗੁਰੂ ਦੇ ਚਰਨਾਂ ਨਾਲ ਜੁੜ ਜਾਂਦੇ। ਉਨ੍ਹਾਂ ਦੇ ਮੁਖਾਰਬਿੰਦ ਤੋਂ ਗੁਰਬਾਣੀ ਦੇ ਇਲਾਹੀ ਕੀਰਤਨ ਦੇ ਸੋਮੇ ਫੁੱਟ ਪੈਂਦੇ, "ਅਮਿਉ ਚਲੈ ਝਰਨੇ" ਵਾਲਾ ਵਰਤਾਰਾ ਪ੍ਰਤੱਖ ਨਜ਼ਰ ਆਉਂਦਾ। ਇਉਂ ਹੀ ਜਦੋਂ ਉਹ ਲਿਖਣ ਬੈਠਦੇ ਤਾਂ ਗੁਰਮਤਿ ਗਿਆਨ ਦਾ ਅਜਿਹਾ ਹੜ੍ਹ ਆਉਂਦਾ ਕਿ ਜਲੋ ਜਲ ਹੋ ਜਾਂਦਾ, ਗੁਰਮਤਿ ਸ਼ਬਦਾਵਲੀ ਦੇ ਢੇਰ ਲੱਗ ਜਾਂਦੇ, ਉਨ੍ਹਾਂ ਦੀ ਕਲਮ ਹੱਲੇ ਦੇ ਗੋਹਜ ਗਿਆਨ ਨੂੰ ਪ੍ਰੋ ਪ੍ਰੋ ਰੱਖਦੀ, ਪੜ੍ਹਨ ਸੁਣਨ ਵਾਲੇ ਦੰਗ ਰਹਿ ਜਾਂਦੇ। ਉਨ੍ਹਾਂ ਦੀ ਸ਼ੈਲੀ ਦਾ ਰੂਪ ਵੱਖਰਾ ਹੀ ਸੀ। ਵੰਨਗੀ ਮਾਤਰ, "ਆਓ ਸਿੰਘਾਂ ਦਾ ਪੰਥ ਨਿਰਾਲਾ" ਦੇ ਬਿਆਨ ਵੱਲ ਧਿਆਨ ਮਾਰੀਏ– "ਸਿੰਘਾਂ ਦਾ ਪੰਥ ਨਿਰਾਲਾ, ਖ਼ਾਲਸਈ ਸਿੰਘਤ ਅੰਸ ਨਿਰਾਲਾ, ਖ਼ਾਲਸਾ ਜੀ ਦਾ ਬੰਸ ਨਿਰਾਲਾ, ਖ਼ਾਲਸਾ ਜੀ ਦੀ ਕੌਮੀਅਤ ਵਿਲੱਖਣ, ਖ਼ਾਲਸਾ ਜੀ ਦੀ ਪੰਥੋਮੀਅਤ ਬਿਚੱਖਨ, ਖ਼ਾਲਸਾ ਜੀ ਦਾ ਤੇਜ ਨਿਰਾਲਾ, ਖ਼ਾਲਸਾ ਜੀ ਦਾ ਜੋਤਿ–ਰੂਪੋਜ ਨਿਰਾਲਾ, ਖ਼ਾਲਸਾ ਜੀ ਦਾ ਵੇਸ ਨਿਰਾਲਾ, ਭੇਸ ਨਿਰਾਲਾ, ਆਵੇਸ ਆਦੇਸ ਨਿਰਾਲਾ, ਖ਼ਾਲਸਾ ਜੀ ਦਾ ਬੋਲ ਬਾਲਾ, ਖਾਲਸਾ ਜੀ ਦਾ ਜੈ ਜੈ ਕਾਰ ਖ਼ਾਲਸਾਲਾ, ਖ਼ਾਲਸਾ ਜੀ ਦਾ ਖ਼ਾਲਸੱਤ ਨਿਰਾਲਾ, ਖਾਲਸਾ ਜੀ ਦਾ ਤੇਜ ਤੱਤ ਨਿਰਾਲਾ, ਖ਼ਾਲਸਾ ਜੀ ਦਾ ਸ਼ਾਂਤ ਬੀਰੱਤ ਨਿਰਾਲਾ, ਖ਼ਾਲਸਾ ਜੀ ਦਾ ਤੱਤ ਔਜੱਤ ਜੋਸ਼ ਨਿਰਾਲਾ, ਖ਼ਾਲਸਾ ਜੀ ਦਾ ਹੁਸ਼ਿਆਰ ਮਸਤਹੋਸ਼ ਨਿਰਾਲਾ, ਖਾਲਸਾ ਜੀ ਦਾ ਖਸੱਮਤ ਨਿਰਾਲਾ, ਖ਼ਾਲਸਾ ਜੀ ਦਾ ਗੰਭੀਰਤ ਨਿਰਾਲਾ, ਖ਼ਾਲਸਾ ਜੀ ਦਾ ਚੋਹਰੱਤ ਨਿਰਾਲਾ, ਖ਼ਾਲਸਾ ਜੀ ਦਾ ਨੂਰਤ ਨਿਰਾਲਾ, ਖ਼ਾਲਸਾ ਜੀ ਦਾ ਜਲਾਲ ਨਿਰਾਲਾ, ਖ਼ਾਲਸਾ ਜੀ ਦਾ ਸੂਰੱਤ ਨਿਰਾਲਾ, ਖ਼ਾਲਸਾ ਜੀ ਦਾ ਹਸ਼ਮਤ ਜਾਹੋ–ਜਬ੍ਹਾ ਨਿਰਾਲਾ, ਖ਼ਾਲਸਾ ਜੀ ਦਾ ਪਰੱਤਵ ਨਿਰਾਲਾ, ਖ਼ਾਲਸਾ ਜੀ ਦਾ ਸ਼ਖਸੀਅਤਪੁਣਾ ਨਿਰਾਲਾ, ਖ਼ਾਲਸਾ ਜੀ ਦਾ ਦਬਦਬਾ ਨਿਰਾਲਾ, ਖ਼ਾਲਸਾ ਜੀ ਦੀ ਆਨ–ਸ਼ਾਨ ਨਿਰਾਲੀ, ਖ਼ਾਲਸਾ ਜੀ ਦੀ ਰਹਿਤ–ਰੁਹਜਾਨ ਨਿਰਾਲੀ, ਖ਼ਾਲਸਾ ਜੀ ਦੀ ਰਸਬੀਰ ਧੀਰ ਨਿਰਾਲੀ, ਖ਼ਾਲਸਾ ਜੀ ਦੀ ਸ਼ਾਂਤਮਤੀਰ ਨਿਰਾਲੀ, ਖ਼ਾਲਸਾ ਜੀ ਦਾ ਉੱਚ ਮਤਾ ਨਿਰਾਲਾ, ਖ਼ਾਲਸਾ ਜੀ ਦਾ ਮਰਣਗਤਾ ਨਿਰਾਲਾ, ਖ਼ਾਲਸਾ ਜੀ ਦੀ ਮੌਜ ਮਸਤੌਜ ਨਿਰਾਲੀ, ਖ਼ਾਲਸਾ ਜੀ ਦੀ ਆਤਮ–ਔਜ ਨਿਰਾਲੀ, ਖ਼ਾਲਸਾ ਜੀ ਦਾ ਜੈਕਾਰਾ ਗੱਜ–ਗਜਾਲਾ, ਖ਼ਾਲਸਾ ਜੀ ਦਾ ਜਿਗਰਾ ਜੱਗ ਜੱਗਾਲਾ, ਖ਼ਾਲਸਾ ਜੀ ਦਾ ਮਸਤਕ ਦੱਗ–ਦਗਾਲਾ, ਖ਼ਾਲਸਾ ਜੀ ਦਾ ਜਬ੍ਹਾ ਚੜ੍ਹਦੀ ਕਲਾ ਵਾਲਾ, ਖ਼ਾਲਸਾ ਜੀ ਦਾ ਚੇਹਨ ਚੱਕਰ ਨਿਰਾਲਾ, ਖ਼ਾਲਸਾ ਜੀ ਦਾ ਬਿਜੈ ਨਿਸ਼ਾਨ ਨਿਰਾਲਾ, ਖ਼ਾਲਸਾ ਜੀ ਦਾ ਅਕਾਲ–ਜਜ਼ਬਾ ਨਿਰਾਲਾ, ਖ਼ਾਲਸਾ ਜੀ ਦਾ ਅਕਾਲੀ ਨਾਅਰਾ ਨਿਰਾਲਾ, ਖ਼ਾਲਸਾ ਜੀ ਦੀ ਗੁਫ਼ਤਾਰ ਰਫ਼ਤਾਰ ਨਿਰਾਲੀ, ਖ਼ਾਲਸਾ ਜੀ ਦੀ ਚਾਲ ਢਾਲ ਨਿਰਾਲੀ, ਖ਼ਾਲਸੇ ਦਾ ਤੌਰ ਨਿਰਾਲਾ ਤੇ ਜ਼ੋਰ ਨਿਰਾਲਾ, ਖ਼ਾਲਸੇ ਦੀ ਲਿਵ ਧੁਨੀ ਨਿਰਾਲੀ, ਖ਼ਾਲਸਾ ਜੀ ਦੀ ਗੂੰਜ ਗੁੰਜਾਲੀ, ਖ਼ਾਲਸਾ ਜੀ ਦਾ ਸੀਸ ਸਸ਼ੋਭਤੀ ਦੂਹਰੇ ਦਸਤਾਰੇ ਵਾਲਾ ਚੇਹਨ ਨਿਰਾਲਾ, ਖ਼ਾਲਸਾ ਜੀ ਦੇ ਗੁਰਮੁਖੀ ਦਾਹੜੇ ਵਾਲਾ ਨਵ–ਜੋਬਨੀ ਸ਼ਬਾਬ ਪੇਹਨ ਨਿਰਾਲਾ।"

ਭਾਈ ਸਾਹਿਬ ਦਾ ਵਾਰਤਕ ਲਿਖਣ ਢੰਗ ਤਾਂ ਨਿਰਾਲਾ ਹੈ ਹੀ ਸੀ ਪਰ ਉਹਨਾਂ ਦੀ ਕਵਿਤਾ ਵਿੱਚ ਪ੍ਰੋਤੇ ਹੋਏ ਸ਼ਬਦ ਵੀ ਵਿਲੱਖਣ ਦਿੱਖ ਹੀ ਪੇਸ਼ ਕਰਦੇ ਹਨ। ਆਓ ਜ਼ਰਾ ਉਨ੍ਹਾਂ ਦੇ ਮਹਾਂ ਕਾਵਿ "ਜੋਤਿ ਵਿਗਾਸ" ਵਿੱਚੋਂ ਝਿਮ ਝਿਮ ਬਰਸ ਰਹੀ ਸ਼ਬਦਾਂ ਦੀ ਫੁਹਾਰ ਵੱਲ ਨਜ਼ਰ ਮਾਰੀਏ–

*ਅੰਮ੍ਰਿਤ ਵੇਲੜਾ ਬਿਰਤੀਆਂ ਜੋੜਨੇ ਦਾ,*
*ਦੇਣਾ ਵੇਲੁ ਨ ਸੁਰਤਿ ਖਿਸਕੋਲਿਆਂ ਦਾ।*
*ਖਿਸਕੇ ਸੁਰਤਿ ਨਾ ਸ਼ਬਦ ਲਿਵਤਾਰ ਵਿਚੋਂ,*
*ਰਸ ਵਿਰੋਲਣਾ ਅਮੀ ਮਿਸ਼ਟੋਲਿਆਂ ਦਾ।*
*ਸੱਚਾ ਪਰਖ ਪਰਖਾਉ, ਪਰਤਾਉ ਸੱਚਾ,*
*ਵੱਖਤ ਉਪਰੇ ਜੂਝ ਮਰਨੋਲਿਆਂ ਦਾ।*
*ਨਿਤ ਜੂਝਣਾ, ਲੂਝਣਾ ਮਾਰਿ ਮਨੂਆ,*
*ਜਾਪ ਅਲਾਪ ਕੇ ਸਾਰ ਸ਼ਬਦੋਲਿਆਂ ਦਾ।੩੪।*

ਖਿਸਕੋਲਿਆਂ, ਮਿਸ਼ਟੋਲਿਆਂ, ਮਰਨੋਲਿਆਂ, ਸ਼ਬਦੋਲਿਆ ਆਦਿ ਸ਼ਬਦ ਭਾਈ ਸਾਹਿਬ ਦੀ ਆਪਣੀ ਹੀ ਘਾੜਤ ਹੈ। ਅੰਮ੍ਰਿਤ ਵੇਲੜਾ, ਪਰਖ ਪੁਰਖਾਉ, ਪਰਤਾਉ, ਜੂਝਣਾ, ਲੂਝਣਾ, ਜਾਪ ਅਲਾਪ ਆਦਿ ਸ਼ਬਦਾਂ ਤੋਂ ਗੁਰਮਤਿ–ਗੁੜ੍ਹਤੀ ਡੁੱਲ ਡੁੱਲ ਪੈਂਦੀ ਹੈ।

ਆਵਹੁ ਭੈਣੇ ਗਲਿ ਮਿਲਹ, ਅੰਕਿ ਸਹੇਲੜੀਆਹ।।
ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ।।
ਸਾਚੇ ਸਾਹਿਬ ਸਭਿ ਗੁਣ, ਅਉਗੁਣ ਸਭਿ ਅਸਾਹ।।
(ਸਿਰੀ ਰਾਗ ਮ: ੧, ਪੰਨਾ ੧੭)



www.AKJ.Org

# ਅਰਜਨ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ

(ਪ੍ਰਿ: ਕੁਲਦੀਪ ਸਿੰਘ ਜੀ)

ਸਿੱਖ ਧਰਮ ਦੇ ਮਹਾਨ ਵਿਦਵਾਨ ਤੇ ਦਾਰਸ਼ਨਿਕ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਦੀ ਅਠਤਾਲੀਵੀਂ ਪਉੜੀ ਵਿੱਚ ਗੁਰੂ ਹਰਗੋਬਿੰਦ ਸਾਹਿਬ ਬਾਰੇ ਲਿਖਿਆ ਹੈ:-

**ਪੰਜਿ ਪਿਆਲੇ ਪੰਜ ਪੀਰ, ਛਠਮੁ ਪੀਰੁ ਬੈਠਾ ਗੁਰੁ ਭਾਰੀ।।**
**ਅਰਜਨ ਕਾਇਆ ਪਲਟਿ ਕੈ ਮੂਰਤਿ ਹਰਗੋਬਿੰਦ ਸਵਾਰੀ।।**
**ਚਲੀ ਪੀੜ੍ਹੀ ਸੋਢੀਆਂ ਰੂਪੁ ਦਿਖਾਵਣਿ ਵਾਰੋ ਵਾਰੀ।।**
**ਦਲ ਭੰਜਨ ਗੁਰ ਸੂਰਮਾ, ਵਡ ਜੋਧਾ ਬਹੁ ਪਰਉਪਕਾਰੀ।।**

"ਪੰਜ ਪਿਆਲੇ" ਤੋਂ ਭਾਵ ਹੈ ਪੰਜ ਸ਼ੁਭ ਗੁਣ: ਸਤਿ, ਸੰਤੋਖ, ਦਇਆ, ਧਰਮ ਤੇ ਧੀਰਜ।

"ਪੰਜ ਪੀਰ" ਦੇ ਅਰਥ ਹਨ ਗੁਰੂ ਨਾਨਕ ਸਾਹਿਬ ਤੋਂ ਗੁਰੂ ਅਰਜਨ ਸਾਹਿਬ ਤੱਕ ਹੋਏ ਪੰਜ ਸਤਿਗੁਰੂ।

"ਦਲ ਭੰਜਨ, ਗੁਰ ਸੂਰਮਾ, ਵਡ ਜੋਧਾ, ਬਹੁ ਪਰਉਪਕਾਰੀ" ਗੁਰੂ ਹਰਗੋਬਿੰਦ ਸਾਹਿਬ ਦੀਆਂ ਸਿਫ਼ਤਾਂ ਤੇ ਵਿਸ਼ੇਸ਼ਤਾਵਾਂ ਦੇ ਪ੍ਰਤੀਕ ਹਨ।

**"ਅਰਜਨ ਕਾਇਆ ਪਲਟਿ ਕੈ ਮੂਰਤਿ ਹਰਗੋਬਿੰਦ ਸਵਾਰੀ"** ਤੋਂ ਭਾਵ ਹੈ ਕਿ ਗੁਰੂ ਅਰਜਨ ਸਾਹਿਬ ਤੇ ਗੁਰੂ ਹਰਗੋਬਿੰਦ ਸਾਹਿਬ ਇਕੋ ਜੋਤਿ ਦੇ ਦੋ ਸਰੂਪ ਸਨ। ਸਰੀਰਾਂ ਵਿੱਚ ਹੀ ਭੇਦ ਸੀ, ਜੋਤਿ ਇਕੋ ਸੀ। ਜੋਤਿ ਭਾਵ ਆਤਮਾ ਤਾਂ ਸਦਾ ਸਜੀਵ ਰਹਿੰਦੀ ਹੈ, ਬਿਨਸਦਾ ਤਾਂ ਸਰੀਰ ਹੈ। ਇਸੇ ਤਰ੍ਹਾਂ ਸਿੱਖ ਗੁਰੂ ਸਾਹਿਬਾਨ ਦਸ ਜਾਮਿਆਂ ਵਿੱਚ ਸੰਸਾਰ ਦਾ ਉਧਾਰ ਕਰਨ ਹਿੱਤ ਸਮੇਂ ਸਮੇਂ ਆਏ, ਪਰ ਉਹਨਾਂ ਵਿੱਚ ਜੋਤਿ ਇਕੋ ਹੀ ਸੀ। ਜਦੋਂ ਵੀ ਗੁਰੂ ਨਾਨਕ ਸਾਹਿਬ ਦਾ ਨਵਾਂ ਉਤਰਾਧਿਕਾਰੀ ਗੁਰ-ਗੱਦੀ ਤੇ ਬਿਰਾਜਮਾਨ ਹੁੰਦਾ ਤਾਂ ਉਹ ਅਧਿਆਤਮਕ ਜਾਨਸ਼ੀਨੀ ਹੁੰਦਾ ਸੀ, ਜਿਸ ਤਰ੍ਹਾਂ ਗੁਰੂ ਨਾਨਕ ਸਾਹਿਬ ਦੀ ਆਤਮਾ ਤੇ ਸ਼ਬਦ ਨੇ ਲਹਿਣਾ ਜੀ ਵਿੱਚ ਪ੍ਰਵੇਸ਼ ਕਰ ਕੇ ਉਹਨਾਂ ਨੂੰ ਗੁਰੂ ਅੰਗਦ ਬਣਾ ਦਿੱਤਾ ਸੀ, ਉਸੇ ਤਰ੍ਹਾਂ ਅੱਗੋਂ ਗੁਰੂ ਅੰਗਦ ਸਾਹਿਬ ਨੇ ਆਪਣੀ ਜੋਤਿ ਗੁਰੂ ਅਮਰਦਾਸ ਜੀ ਵਿਚ ਪ੍ਰਵੇਸ਼ ਕਰਾ ਦਿੱਤੀ ਤੇ ਅੰਤ ਨੂੰ **"ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ"** ਅਨੁਸਾਰ ਗੁਰੂ ਨਾਨਕ ਸਾਹਿਬ ਦੀ ਜੋਤਿ ਗੁਰੂ ਗੋਬਿੰਦ ਸਿੰਘ ਸਾਹਿਬ ਵਿਚ ਆ ਬਿਰਾਜੀ ਤੇ "ਗੁਰੂ ਨਾਨਕ ਗੋਬਿੰਦ ਰੂਪ" ਅਖਵਾਈ। ਇਹ ਵਿਚਾਰ ਹਜ਼ੂਰ ਗੁਰੂ ਗੋਬਿੰਦ ਸਿੰਘ ਜੀ ਨੇ "ਬਚਿੱਤ੍ਰ ਨਾਟਕ" ਵਿੱਚ ਇਸ ਤਰ੍ਹਾਂ ਪ੍ਰਗਟਾਏ ਹਨ-

**ਨਾਨਕ ਅੰਗਦ ਕੋ ਬਪੁ ਧਰਾ।।**
**ਧਰਮ ਪ੍ਰਚੁਰਿ ਇਹ ਜਗ ਮੋ ਕਰਾ।।**
**ਅਮਰਦਾਸ ਪੁਨਿ ਨਾਮੁ ਕਹਾਯੋ।।**
**ਜਨ ਦੀਪਕ ਤੇ ਦੀਪ ਜਗਾਯੋ।।੭।।**
**ਅਮਰਦਾਸ ਰਾਮਦਾਸ ਕਹਾਯੋ।।**
**ਸਾਧਨਿ ਲਖਾ ਮੂੜ੍ਹ ਨਹਿ ਪਾਯੋ।।੯।।...**
**ਰਾਮਦਾਸ ਹਰਿ ਸੋ ਮਿਲ ਗਏ।।**
**ਗੁਰਤਾ ਦੇਤ ਅਰਜਨਹਿ ਭਏ।।**
**ਜਬ ਅਰਜਨ ਪ੍ਰਭ ਲੋਕ ਸਿਧਾਏ।।**
**ਹਰਿ ਗੋਬਿੰਦ ਤਿਹ ਠਾਂ ਠਹਿਰਾਏ।।**

ਇਸ ਕਥਨ ਅਨੁਸਾਰ ਕੇਵਲ ਨਾਮ ਹੀ ਬਦਲਦੇ ਰਹੇ, ਸਰੀਰਾਂ ਵਿਚ ਜੋਤਿ ਉਹੋ ਹੀ ਪ੍ਰਵੇਸ਼ ਹੁੰਦੀ ਰਹੀ। ਇਸੇ ਵਿਚਾਰ ਨੂੰ ਭਾਈ ਗੁਰਦਾਸ ਸਾਹਿਬ ਨੇ ਵਾਰ ੨੪ ਵਿਚ ਬੜੇ ਵਿਸਥਾਰ ਨਾਲ ਪ੍ਰਸਤੁਤ ਕਰ ਕੇ ਨਿਰਣਾਇਕ ਨਤੀਜਾ ਕਢਿਆ ਹੈ। ਆਪ ਪਉੜੀ ੫ ਵੀਂ ਵਿਚ ਗੁਰੂ ਤੇ ਚੇਲੇ ਦੇ ਪ੍ਰੇਮ ਦਾ ਵਰਨਣ ਕਰਦਿਆਂ ਲਿਖਦੇ ਹਨ ਕਿ ਗੁਰੂ ਚੇਲਾ ਤੇ ਚੇਲਾ ਗੁਰੂ ਹੋ ਗਿਆ, ਭਾਵ ਲਹਿਣਾ ਜੀ ਗੁਰੂ ਅੰਗਦ ਬਣ ਗਏ ਤੇ ਗੁਰੂ ਨਾਨਕ ਸਾਹਿਬ ਨੇ ਚੇਲੇ ਵਾਂਗ ਉਹਨਾ ਦੇ ਚਰਨਾਂ ਤੇ ਸੀਸ ਝੁਕਾਇਆ। **"ਗੁਰ ਚੇਲਾ ਚੇਲਾ ਗੁਰੂ, ਗੁਰ ਚੇਲੇ ਪਰਚਾ ਪਰਚਾਇਆ।।"** ਅਗੇ ਪਉੜੀ ਅਠਵੀਂ ਵਿਚ ਹੋਰ ਸਪੱਸ਼ਟ ਕਰਦਿਆਂ ਲਿਖਿਆ, **"ਗੁਰੁ ਅੰਗਦੁ ਗੁਰ ਅੰਗ ਤੇ ਅੰਮ੍ਰਿਤ ਬਿਰਖ ਅੰਮ੍ਰਿਤ ਫਲ ਫਲਿਆ।।"** ਪਉੜੀ ੧੪ਵੀਂ ਵਿਚ ਇਸੇ ਵਿਚਾਰ ਨੂੰ ਅੱਗੇ ਤੋਰਦੇ ਲਿਖਿਆ ਹੈ-

**ਗੁਰ ਅਮਰਹੁ ਗੁਰੁ ਰਾਮਦਾਸ**
**ਜੋਤੀ ਜੋਤਿ ਜਗਾਇ ਸੁਹਾਰਾ।।**
**ਸ਼ਬਦ ਸੁਰਤਿ ਗੁਰ ਸਿਖੁ ਹੋਇ**
**ਅਨਹਦ ਬਾਣੀ ਨਿਝਰ ਧਾਰਾ।।**
**ਤਖਤੁ ਬਖਤੁ ਪਰਗਟ ਪਾਹਾਰਾ।।੧੪।।**

ਪਉੜੀ ੨੫ ਵੀਂ ਵਿਚ ਭਾਈ ਸਾਹਿਬ ਨੇ ਗੁਰਮਤਿ ਦਾ ਮਹਾਨ ਸਿਧਾਂਤ ਸਪੱਸ਼ਟ ਕਰਦਿਆਂ ਹੋਇਆਂ ਦਸਿਆ ਕਿ ਅਸਲ ਗੁਰੂ ਤਾਂ "ਗੁਰੂ ਸ਼ਬਦ" ਹੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਦਾ ਨਿਚੋੜ ਵੀ ਇਹ ਹੀ ਹੈ ਕਿ ਹਰਿ ਜਸ-ਕੀਰਤਨ ਕਰਦਿਆਂ ਸੁਰਤਿ ਵਿਚ ਸ਼ਬਦ ਨੂੰ ਇਸ ਤਰ੍ਹਾਂ ਲੀਨ ਕੀਤਾ ਜਾਵੇ ਕਿ 'ਸਚੁ' ਸਾਥੀ ਹੋ ਨਿਬੜੇ। ਫੁਰਮਾਨ ਹੈ-

**ਨਾਨਕ ਦਾਸੁ ਹਰਿ ਕੀਰਤਨਿ ਰਾਤਾ**
**ਸਬਦੁ ਸੁਰਤਿ ਸਚੁ ਸਾਖੀ।।੨।।**

(੯੯।।੧੨੨।। ਪੰਨਾ ੧੨੨੭)



www.AKJ.Org

ਗੁਰੂ ਸਰੀਰ ਦਾ ਨਹੀਂ, "ਸ਼ਬਦ" ਦਾ ਨਾਂ ਹੈ। ਜਿਸ ਸ਼ਬਦ ਦਾ ਪ੍ਰਚਾਰ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਚੱਲ ਰਿਹਾ ਸੀ, ਉਸੇ ਸ਼ਬਦ ਦਾ ਪ੍ਰਚਾਰ ਹੀ ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਜੀਵਨ-ਕਾਲ ਵਿਚ ਕੀਤਾ। ਜੋ ਸ਼ਬਦ ਗੁਰੂ ਨਾਨਕ ਸਾਹਿਬ ਨੇ ਸਾਧ-ਸੰਗਤ ਵਿਚ ਵਰਤਾਇਆ, ਉਸੇ ਸ਼ਬਦ ਤੇ ਸ਼ਬਦ ਦਾ ਜਾਪ ਕਰਨ ਵਾਲੀ ਸੰਗਤ ਦੀ ਰਖਿਆ ਗੁਰੂ ਹਰਗੋਬਿੰਦ ਸਾਹਿਬ ਨੇ ਕੀਤੀ। ਆਪ ਨੇ ਦੋ ਤਲਵਾਰਾਂ ਪਹਿਨੀਆਂ 'ਇਕ ਮੀਰੀ ਦੀ ਇਕ ਪੀਰੀ ਦੀ'। ਪੀਰੀ ਦੀ ਤਲਵਾਰ "ਗੁਰੂ ਸ਼ਬਦ" ਹੀ ਤਾਂ ਸੀ।

ਆਮ ਤੌਰ ਤੇ ਜੋਧੇ, ਬੀਰ, ਬਹਾਦਰ ਪਰ-ਉਪਕਾਰੀ ਨਹੀਂ ਹੁੰਦੇ, ਪਰ ਛੱਟਮ ਪੀਰ ਗੁਰੂ ਹਰਗੋਬਿੰਦ ਸਾਹਿਬ ਇਕੋ ਵੇਲੇ ਯੋਧੇ ਤੇ ਪਰਉਪਕਾਰੀ ਸਨ। ਜਦੋਂ ਉਹਨਾਂ ਦਾ ਪਾਲਿਆ ਹੋਇਆ ਪਠਾਨ ਪੈਂਦੇ ਖਾਂ ਲਾਲਚ ਤੇ ਹਉਮੈ ਵਿਚ ਆ ਕੇ ਉਹਨਾਂ ਦੇ ਹੀ ਟਾਕਰੇ ਤੇ ਆ ਖੜਾ ਹੋਇਆ ਤਾਂ ਵੱਡ ਯੋਧੇ, ਪਰ-ਉਪਕਾਰੀ ਗੁਰੂ ਨੇ ਪਹਿਲੋਂ ਉਸੇ ਨੂੰ ਵਾਰ ਕਰਨ ਲਈ ਕਿਹਾ। ਜਦ ਪੈਂਦੇ ਖਾਂ ਤਿੰਨ ਵਾਰ ਕਰਕੇ ਵੀ ਗੁਰੂ ਸਾਹਿਬ ਦਾ ਕੁੱਝ ਨਾ ਵਿਗਾੜ ਸਕਿਆ ਤਾਂ ਯੋਧੇ ਪਰਉਪਕਾਰੀ ਗੁਰੂ ਨੇ ਢਾਲ ਉਸ ਦੇ ਸਿਰ ਤੇ ਮਾਰੀ ਤਾਂ ਉਹ ਬੇਹੋਸ਼ ਹੋ ਕੇ ਡਿੱਗ ਪਿਆ ਤਾਂ ਗੁਰੂ ਜੀ ਘੋੜੇ ਤੋਂ ਉੱਤਰ ਕੇ ਹੇਠਾਂ ਆਏ ਤੇ ਕਿਹਾ, "ਪੈਂਦੇ ਖਾਂ, ਪੜ੍ਹ ਕਲਮਾਂ, ਤੇਰਾ ਆਖਰੀ ਸਮਾਂ ਆ ਗਿਆ ਹੈ ਤੇ ਨਾਲ ਹੀ ਉਸ ਨੂੰ ਢਾਲ ਨਾਲ ਛਾਂ ਕੀਤੀ। ਤਾਂ ਪੈਂਦੇ ਖਾਂ ਥਿੜਕਦੇ ਹੋਏ ਬੋਲਾਂ ਵਿਚ ਕਹਿਣ ਲੱਗਾ "ਸਤਿਗੁਰੂ, ਤੇਰੀ ਮਿਹਰ ਹੀ ਮੇਰਾ ਕਲਮਾ ਹੈ।"

ਗੁਰੂ ਹਰਗੋਬਿੰਦ ਸਾਹਿਬ ਦੀ ਤਲਵਾਰ ਰਾਖੀ ਲਈ ਸੀ, ਕਿਸੇ ਜ਼ਾਤੀ ਗਰਜ਼ ਲਈ ਨਹੀਂ ਸੀ। ਆਪ ਅਧਿਆਤਮਕਤਾ ਦੇ ਭੰਡਾਰ ਸਨ, ਆਪ ਨੇ ਭਾਵੇਂ ਗੁਰਬਾਣੀ ਉਚਾਰੀ ਨਹੀਂ ਸੀ, ਪਰ ਜਦੋਂ ਵੀ ਉਪਦੇਸ਼ ਕਰਦੇ ਤਾਂ ਗੁਰਬਾਣੀ ਦੁਆਰਾ ਹੀ ਗੁਰਬਾਣੀ ਹੀ ਜੀਵਨ-ਅਧਾਰ ਅਤੇ ਮੋਖ-ਮੁਕਤੀ ਦਾ ਸਾਧਨ ਦਸਦੇ। ਆਪ ਨੂੰ ਭਾਵੇਂ ਸਾਮਰਾਜ ਸ਼ਾਹੀ ਵਿਰੁੱਧ ਚਾਰ ਲੜਾਈਆਂ ਲੜਨੀਆਂ ਪਈਆਂ, ਪਰ ਆਪ ਨੇ ਪ੍ਰਚਾਰ ਦੇ ਕਾਰਜਾਂ ਨੂੰ ਕਦੇ ਵੀ ਢਿੱਲਾ ਨਾ ਪੈਣ ਦਿੱਤਾ। ਉਹਨਾਂ ਆਪਣੇ ਵੱਡੇ ਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਨਿਰੋਲ ਸਿੱਖ ਧਰਮ ਦੇ ਪ੍ਰਚਾਰ ਲਈ ਹੀ ਲਗਾ ਰੱਖਿਆ ਸੀ। ਕੀਰਤਪੁਰ ਪੁੱਜ ਕੇ ਆਪ ਨੇ ਦੇਸ਼ ਦੇ ਅੱਡ ਅੱਡ ਹਿੱਸਿਆਂ ਵਿਚ ਪ੍ਰਚਾਰਕ ਭੇਜਣ ਲਈ ਚਾਰ ਧੂਣੀਆਂ ਨੀਯਤ ਕੀਤੀਆਂ। ਬਾਬਾ ਹਸਨਾ, ਬਾਬਾ ਗੌਂਦਾ, ਤੇ ਬਾਬਾ ਅਲਮਸਤ ਨੇ ਆਪ ਦੇ ਕਹੇ ਅਨੁਸਾਰ ਪ੍ਰਸੰਸਾ ਜੋਗ ਢੰਗ ਨਾਲ ਪ੍ਰਚਾਰ ਕੀਤਾ। ਗੁਰੂ ਹਰਗੋਬਿੰਦ ਸਾਹਿਬ ਨੇ ਵੀ ਉਨ੍ਹਾਂ ਆਦਰਸ਼ਾਂ ਦਾ ਹੀ ਪ੍ਰਚਾਰ ਕੀਤਾ ਜੋ ਉਹਨਾਂ ਤੋਂ ਪਹਿਲਾਂ ਹੋਏ ਪੰਜ ਗੁਰੂ ਸਾਹਿਬਾਨ ਨੇ ਕੀਤਾ ਸੀ। ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ, ਆਪਣੇ ਲਈ ਕੋਈ ਇਲਾਕੇ ਨਹੀਂ ਹਥਿਆਏ ਆਪਣੀ ਕੋਈ ਨਿੱਜੀ ਜਾਇਦਾਦ ਨਹੀਂ ਬਣਾਈ, ਸਿਰਫ਼ ਲੋਕਾਂ ਨੂੰ ਜ਼ੁਲਮ ਦਾ ਟਾਕਰਾ ਕਰਨ ਦੀ ਜਾਚ ਸਿਖਾਈ। ਉਨ੍ਹਾਂ ਅੰਦਰ ਸਵੈਮਾਨ ਦੀ ਭਾਵਨਾ ਜਗਾਈ। ਲੜਾਈਆਂ ਵੀ ਉਨ੍ਹਾਂ ਆਪ ਨਹੀਂ ਲੜੀਆਂ, ਸਗੋਂ ਜਦੋਂ ਉਨ੍ਹਾਂ ਦੇ ਗਲੇ ਆ ਪਈਆਂ ਤਾਂ ਉਨ੍ਹਾਂ ਸੂਰਬੀਰ ਯੋਧਿਆਂ ਵਾਂਗ ਡੱਟ ਕੇ ਟਾਕਰਾ ਕੀਤਾ ਤੇ ਚਾਰੇ ਹੀ ਲੜਾਈਆਂ ਜਿੱਤ ਕੇ ਸੰਸਾਰ ਨੂੰ ਇਹ ਵਿਖਾ ਦਿੱਤਾ ਕਿ ਜ਼ਾਤੀ ਤੇ ਕੌਮੀ ਅਣਖ ਲਈ ਜੇ ਔਕੜਾਂ, ਮੁਸ਼ਕਿਲਾਂ ਨਾਲ ਜੂਝਣਾ ਪਵੇ ਤਾਂ ਡੱਟ ਕੇ ਟਾਕਰਾ ਕਰਨਾ ਹੀ ਉਚਿਤ ਹੈ।

ਆਪ ਦੀ ਤਲਵਾਰ ਕੇਵਲ ਸ਼ਕਤੀ ਦਾ ਹੀ ਚਿੰਨ੍ਹ ਨਹੀਂ ਸੀ, ਭਗਤੀ ਦਾ ਪ੍ਰਤੀਕ ਵੀ ਸੀ। ਇਸ ਨਾਲ ਉਨ੍ਹਾਂ ਗੁਰੂ ਨਾਨਕ ਸਾਹਿਬ ਦੇ ਵਿਖਾਏ ਰਸਤੇ ਨੂੰ ਹੀ ਮੂਰਤੀਮਾਨ ਕੀਤਾ। ਧਰਮ ਦੀ ਰੱਖਿਆ ਲਈ ਜੋ ਬੀਜ ਗੁਰੂ ਨਾਨਕ ਸਾਹਿਬ ਨੇ ਬੀਜਿਆ ਸੀ ਉਹ ਹੁਣ ਵੱਧ ਫੁਲ ਕੇ ਰੁੱਖ ਬਣ ਚੁੱਕਾ ਸੀ, ਜੋ ਦੀਨਾਂ, ਕਮਜ਼ੋਰਾਂ, ਲਿਤਾੜੇ ਹੋਇਆਂ ਨੂੰ ਆਪਣੀ ਛਾਂ ਥੱਲੇ ਪਨਾਹ ਦੇਣ ਯੋਗ ਹੋ ਗਿਆ ਸੀ। ਗੁਰੂ ਨਾਨਕ ਸਾਹਿਬ ਨੇ 'ਬਾਬਰ' ਨੂੰ 'ਜਾਬਰ' ਕਹਿਣ ਦੀ ਦਲੇਰੀ ਕੀਤੀ ਸੀ। ਉਸ ਦੀ ਫ਼ੌਜ ਨੂੰ 'ਪਾਪ ਦੀ ਜੰਞ' ਕਹਿਣ ਦਾ ਸਾਹਸ ਕੀਤਾ ਸੀ। ਉਸ ਨੂੰ ਜੋਰੀ ਦਾਨ ਮੰਗਣ ਵਾਲਾ 'ਜਰਵਾਣਾ' ਕਹਿਣ ਦੀ ਜੁਅਰਤ ਕੀਤੀ ਸੀ, ਉਸ ਨੂੰ ਹਿੰਦੁਸਤਾਨ ਤੇ ਆਕਰਮਣ ਕਰਨ ਵਾਲਾ 'ਜੱਮ' ਕਿਹਾ ਸੀ। ਜੇਕਰ ਮੀਰੀ-ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਨੇ ਦੇਸ਼-ਵਾਸੀਆਂ ਅੰਦਰ ਜ਼ੁਲਮ ਵਿਰੁੱਧ ਖੜੇ ਹੋਣ ਦਾ ਸਾਹਸ ਪੈਦਾ ਕੀਤਾ, ਉਹਨਾਂ ਨੂੰ 'ਸਵੈਮਾਨ' ਲਈ ਜੂਝਣ ਦਾ ਢੰਗ ਸਿਖਾਇਆ ਤੇ ਬਦੋ-ਬਦੀ ਗਲ ਪਈਆਂ ਲੜਾਈਆਂ ਨੂੰ ਮਰਦੇ ਮੈਦਾਨ ਬਣ ਕੇ ਲੜਿਆ ਤੇ ਜਿਤਿਆ ਤਾਂ ਉਹਨਾਂ ਉਹੋ ਹੀ ਕਾਰਜ ਕੀਤਾ ਜੋ ਗੁਰੂ ਨਾਨਕ ਸਾਹਿਬ ਨੇ ਧਰਮ ਰਾਹੀਂ ਪ੍ਰਚਾਰਿਆ ਸੀ। ਉਨ੍ਹਾਂ ਨੇ "ਭਗਤੀ ਤੇ ਸ਼ਕਤੀ", "ਤਲਵਾਰ ਤੇ ਤਸਬੀ", "ਮਾਲਾ ਤੇ ਭਾਲਾ" ਦਾ ਸੁਮੇਲ ਕਰਕੇ ਦੇਸ਼-ਵਾਸੀਆਂ ਅੰਦਰ ਸਾਹਸ ਪੈਦਾ ਕੀਤਾ।

ਜਿਹੜੇ ਵਿਚਾਰਵਾਨ ਇਹ ਪੱਖ ਲੈਂਦੇ ਹਨ ਕਿ ਗੁਰੂ ਹਰਗੋਬਿੰਦ ਸਾਹਿਬ ਨੇ ਪਹਿਲੇ ਪੰਜ ਗੁਰੂ ਸਾਹਿਬਾਨ ਵਾਂਗ ਬਾਣੀ ਨਹੀਂ ਉਚਾਰੀ, ਉਹ ਭੁੱਲ ਜਾਂਦੇ ਹਨ ਕਿ ਬਾਣੀ ਦੇ ਦੱਸੇ ਮਾਰਗ ਉੱਤੇ ਚਲਣਾ ਵੀ ਉਤਨਾ ਹੀ ਮਹੱਤਵ-ਪੂਰਨ ਹੈ, ਜਿਤਨਾ ਬਾਣੀ ਉਚਾਰਨਾ। ਗੁਰੂ ਹਰਗੋਬਿੰਦ ਸਾਹਿਬ ਨੇ ਸਮੁੱਚਾ ਜੀਵਨ ਬਾਣੀ ਦੇ ਦੱਸੇ ਮਾਰਗ 'ਤੇ ਚੱਲ ਕੇ ਸਫ਼ਲਤਾ ਨਾਲ ਗੁਜ਼ਾਰਿਆ। ਸਿੱਖੀ ਇਕ ਸਫ਼ਲ



www.AKJ.Org

ਜੀਵਨ ਜਾਂਚ ਹੈ, ਜੋ ਬੜੀ ਸਫ਼ਲਤਾ ਨਾਲ ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਜੀਵਨ ਵਿਚ ਢਾਲੀ। ਇਹੋ ਹੀ ਕਾਰਨ ਹੈ ਕਿ ਮੁਹਸਨ ਫ਼ਾਨੀ ਦੇ ਕਹੇ ਅਨੁਸਾਰ ਸੱਚ ਦੇ ਢੂੰਡਾਊ ਤੇ ਰੱਬੀ-ਰਾਹ ਤੇ ਪਾਂਧੀ ਈਰਾਨ, ਅਰਬ, ਤੁਰਕਸਤਾਨ ਤੇ ਹਿੰਦੁਸਤਾਨ ਦੇ ਕੋਨੇ ਕੋਨੇ ਤੇ ਆਪ ਜੀ ਪਾਸ ਉਹ ਸੁਚੱਜੀ ਜੀਵਨ-ਜਾਚ ਸਿੱਖਣ ਆਉਂਦੇ ਸਨ। ਗੁਰੂ ਸਾਹਿਬ ਦੇ ਦਿਲ ਵਿਚ ਗੁਰਬਾਣੀ ਲਈ ਇਤਨਾ ਸਤਿਕਾਰ ਸੀ ਕਿ ਜਪੁਜੀ ਦਾ ਸ਼ੁੱਧ ਪਾਠ ਸੁਣਾਉਣ ਤੇ ਭਾਈ ਗੁਪਾਲਾ ਜੀ ਨੂੰ ਕਥਿਤ ਗੁਰ-ਇਤਿਹਾਸ ਅਨੁਸਾਰ ਗੁਰ-ਗੱਦੀ ਸੌਂਪਣ ਲਈ ਤਿਆਰ ਹੋ ਗਏ।

ਗੁਰੂ ਹਰਗੋਬਿੰਦ ਸਾਹਿਬ ਫ਼ਕੀਰੀ ਤੇ ਅਮੀਰੀ ਦਾ ਮੁਜੱਸਮਾ ਸਨ। ਭਾਈ ਨੰਦ ਲਾਲ ਜੀ ਆਪ ਬਾਬਤ ਲਿਖਦੇ ਹਨ "*ਦੋ ਆਲਮ ਮੁਨੱਵਰ ਜ਼ਿ ਅਨਵਾਰਿ ਊ।। ਹਮਾ ਤਿਸ਼ਨਾਇ ਫ਼ੈਜ਼ਿ ਦੀਦਾਰਿ ਊ।।*" (ਗੰਜਨਾਮਾ, ਅੰਕ ੬੫) ਭਾਵ ਆਪ ਦੇ ਨੂਰ ਨਾਲ ਦੋਵੇਂ ਜਹਾਨ ਰੌਸ਼ਨ ਹਨ। ਸਾਰੇ ਆਪ ਦੇ ਦਰਸ਼ਨਾਂ ਦੀ ਬਖ਼ਸ਼ਸ਼ ਦੇ ਪਿਆਸੇ ਹਨ।

ਗੁਰੂ ਸਾਹਿਬ ਇਕ ਮਹਾਨ ਕੌਮੀ ਉਸਰਈਏ ਸਨ। ਜਿਨ੍ਹਾਂ ਹਾਲਾਤ ਵਿੱਚ ਉਨ੍ਹਾਂ ਗੁਰ-ਗੱਦੀ ਸੰਭਾਲੀ, ਉਹ ਐਸੇ ਸਨ ਕਿ ਕੋਈ ਮਾਮੂਲੀ ਵਿਅਕਤੀ ਜਬਰ-ਜ਼ੁਲਮ ਦੇ ਸਾਹਮਣੇ ਖੜਾ ਹੋਣ ਦਾ ਸਾਹਸ ਨਹੀਂ ਸੀ ਕਰ ਸਕਦਾ। ਗੁਰੂ ਅਰਜਨ ਸਾਹਿਬ ਦੀ ਅਸਹਿ ਤੇ ਅਕਹਿ ਤਸੀਹੇ ਦੇ ਕੇ ਕੀਤੀ ਸ਼ਹੀਦੀ ਪਿਛੋਂ ਕੇਵਲ ਗਿਆਰਾਂ ਸਾਲ ਦੇ ਬਾਲਕ-ਗੁਰੂ ਦਾ ਆਪਣੇ ਪੈਰਾਂ ਉੱਤੇ ਖਲੋ ਜਾਣਾ ਕੋਈ ਮਮੂਲੀ ਜਿਹਾ ਵਾਕਿਆ ਨਹੀਂ। ਆਪ ਨੇ ਦੋ ਤਲਵਾਰਾਂ ਪਹਿਨੀਆਂ, ਚੰਗੇ ਸ਼ਸ਼ਤਰ ਤੇ ਚੰਗੀ ਜਵਾਨੀ ਭੇਟ ਮੰਗੀ, ਅਕਾਲ ਤਖਤ ਦੀ ਰਚਨਾ ਕੀਤੀ, ਲੋਹਗੜ੍ਹ ਕਿਲੇ ਦੀ ਉਸਾਰੀ ਕੀਤੀ, ਫ਼ੌਜਾਂ ਰੱਖੀਆਂ, ਸਸ਼ਤਰ ਇਕੱਠੇ ਕੀਤੇ, ਸ਼ਿਕਾਰ ਖੇਡਣ ਜਾਂਦੇ, ਨਗਾਰੇ ਵਜਾਂਦੇ, ਫੌਜੀ ਕਰਤਬਾਂ ਦੀ ਸਿਖਲਾਈ ਆਪ ਲੈਂਦੇ ਤੇ ਸਿੱਖਾਂ ਨੂੰ ਦੁਆਉਂਦੇ। ਇਹ ਸਭ ਐਸੇ ਕਰਮ ਸਨ, ਜਿਨ੍ਹਾਂ ਨਾਲ ਕੌਮ ਵਿਚ ਚੜ੍ਹਦੀ ਕਲਾ ਦਾ ਜਜ਼ਬਾ ਪੈਦਾ ਹੋ ਗਿਆ। ਆਪ ਨੇ ਨਿੱਤ ਦੇ ਪ੍ਰੋਗਰਾਮ ਕੁੱਝ ਇਸ ਤਰ੍ਹਾਂ ਉਲੀਕੇ ਕਿ ਆਮ ਲੋਕਾਂ ਵਿਚ ਉਤਸ਼ਾਹ ਬਣਿਆ ਰਹੇ। ਆਪ ਨੇ ਢਾਢੀਆਂ ਨੂੰ ਜੰਗੀ ਵਾਰਾਂ ਸੁਣਾਉਣ ਲਈ ਪ੍ਰੇਰਨਾ ਦਿੱਤੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈਆਂ ਵਾਰਾਂ ਦੀਆਂ ਧੁਨੀਆਂ ਵੀ ਯੋਧਿਆਂ ਦੀਆਂ ਧੁਨੀਆਂ ਉੱਤੇ ਚੜ੍ਹਾਈਆਂ। ਇਸ ਤੋਂ ਪ੍ਰੇਰਨਾ ਲੈ ਕੇ ਸਿੱਖ-ਸੰਗਤਾਂ ਹਜ਼ਾਰਾਂ ਦੀ ਸੰਖਿਆਂ ਵਿਚ ਗੁਰੂ ਦਰਬਾਰ ਵਿਚ ਹਾਜ਼ਰ ਹੁੰਦੀਆਂ, ਦਰਸ਼ਨ-ਦੀਦਾਰੇ ਕਰਦੀਆਂ, ਗੁਰੂ ਜੀ ਦੀ ਸਖਸ਼ੀਅਤ ਤੋਂ ਪ੍ਰਭਾਵਤ ਹੋ ਕੇ ਜਵਾਨ ਆਪਣੀਆਂ ਜਵਾਨੀਆਂ ਭੇਟ ਕਰਦੇ। ਗੁਰਸਿੱਖਾਂ ਦਾ ਗੁਰੂ ਜੀ ਉੱਤੇ ਵਿਸ਼ਵਾਸ਼ ਤੇ ਬੇਮਿਸਾਲ ਸਿਦਕ ਇਤਨਾ ਸੀ ਕਿ ਦੋ ਵੇਲੇ ਦੀ ਰੋਟੀ ਤੇ ਛੇ ਮਹੀਨੇ ਪਿਛੋਂ ਇਕ ਕੁੜਤੇ ਤੋਂ ਸਿਵਾ ਉਹਨਾਂ ਦੀ ਕੋਈ ਮੰਗ ਨਹੀਂ ਸੀ ਹੁੰਦੀ। ਇਸ ਤਰ੍ਹਾਂ ਆਪ ਜੀ ਦੀ ਚੁੰਬਕੀ-ਸਖਸ਼ੀਅਤ ਨਾਲ ਕੌਮ ਦਾ ਹਰ ਵਰਗ ਉਹਨਾਂ ਵੱਲ ਖਿਚਿਆਂ ਤੁਰਿਆ ਆਉਣ ਲੱਗਾ। ਇਹ ਆਪ ਜੀ ਦੀ ਸਖਸ਼ੀਅਤ ਦਾ ਹੀ ਕਮਾਲ ਸੀ ਕਿ ਭਾਈ ਬਿਧੀ ਚੰਦ ਵਰਗਾ ਜੰਗਜੂ-ਸੂਰਮਾ ਜਦ ਤੱਕ ਲੜਾਈਆਂ ਸਨ, ਗੁਰੂ ਜੀ ਦੀ ਫ਼ੌਜ ਵਿੱਚ ਰਹਿ ਕੇ ਲੜਾਈਆਂ ਲੜਦਾ ਰਿਹਾ, ਪਰ ਜਦ ਜੰਗਾਂ ਦਾ ਸਮਾਂ ਟਲ ਗਿਆ ਤਾਂ ਗੁਰੂ ਜੀ ਨੇ ਉਸ ਨੂੰ ਪ੍ਰਚਾਰਕ ਬਣਾ ਕੇ ਅਯੁਧਿਆ ਪ੍ਰਦੇਸ਼ ਵਿੱਚ ਭੇਜ ਦਿੱਤਾ।

ਗੁਰੂ ਸਾਹਿਬ ਸ਼ਸ਼ਤਰ-ਵਿਦਿਆ ਵਿਚ ਤਾਂ ਛੋਟੀ ਉਮਰੇ ਹੀ ਪ੍ਰਬੀਨ ਹੋ ਗਏ ਸਨ, ਪਰ ਆਪ ਜੰਗੀ-ਨੀਤੀ ਵਿਚ ਵੀ ਬਹੁਤ ਨਿਪੁੰਨ ਸਨ। ਹਰ ਸ਼ਸ਼ਤਰ ਵਿਧੀ-ਪੂਰਵ ਚਲਾ ਸਕਦੇ ਸਨ। ਤਲਵਾਰ-ਜ਼ਨੀ ਤੇ ਤੀਰ-ਅੰਦਾਜ਼ੀ ਵਿੱਚ ਉਹ ਅਚੂਕ ਸੂਰਬੀਰ ਸਨ,ਤੇ ਘੋੜ-ਸਵਾਰੀ ਵਿਚ ਤਾਂ ਉਨਾਂ ਦਾ ਕੋਈ ਸਾਨੀ ਹੀ ਨਹੀਂ ਸੀ। ਆਪ ਨੇ ਫੌਜਾਂ ਦੇ ਸਿਰਮੌਰ ਜਰਨੈਲ ਹੋਣ ਦੇ ਨਾਤੇ ਹਰ ਸਮੇਂ ਬੜੀ ਸੂਝ ਬੂਝ ਤੇ ਠੰਡੇ ਜਿਗਰੇ ਨਾਲ,ਮੌਕੇ ਦੀ ਨਜ਼ਾਕਤ ਨੂੰ ਵੇਖਦਿਆਂ ਆਪਣੀਆਂ ਫੌਜਾਂ ਨੂੰ ਸੁਯੋਗ ਅਗਵਾਈ ਦਿੱਤੀ। ਪਹਿਲੀ ਲੜਾਈ ਸਮੇਂ ਘਰ ਵਿਚ ਬੀਬੀ ਵੀਰੋ ਦੀ ਸ਼ਾਦੀ ਦੀਆਂ ਤਿਆਰੀਆਂ ਹੋ ਰਹੀਆਂ ਸਨ ਤਾਂ ਅਚਾਨਕ ਮੁਗਲ ਫ਼ੌਜਾਂ ਨੇ ਹੱਲਾ ਕਰ ਦਿੱਤਾ, ਪਰ ਉਨ੍ਹਾਂ ਨੇ ਆਪਣਾ ਮਾਨਸਿਕ ਸੰਤੁਲਨ ਕਾਇਮ ਰੱਖਿਆ। ਆਪ ਨੇ ਸਿੱਖ ਫੌਜਾਂ ਦੇ ਆਗੂ ਭਾਈ ਭਾਣਾ ਜੀ ਨੂੰ ਇਕ ਵਾਰੀ ਕਿਹਾ ਸੀ, "ਆਪਣੇ ਘਰ ਦੇ ਨੇੜੇ ਜੰਗ ਕਰਨਾ ਜੰਗ-ਨੀਤੀ ਦੇ ਅਨੁਕੂਲ ਨਹੀਂ ਹੁੰਦਾ, ਆਬਾਦੀ ਦੇ ਨੇੜੇ ਲੜਨ ਨਾਲ ਘਰ-ਘਾਟ ਤਬਾਹ ਹੋ ਜਾਂਦੇ ਹਨ ਅਤੇ ਆਮ ਵਸੋਂ ਦਾ ਨੁਕਸਾਨ ਹੋ ਜਾਂਦਾ ਹੈ। ਹਨੇਰਾ ਹੋ ਜਾਣ ਵੇਲੇ ਆਪਣੇ ਹੀ ਬੰਦੇ ਆਪਣੇ ਕੋਲੋਂ ਮਾਰੇ ਜਾਂਦੇ ਹਨ। ਉਹ ਇਹ ਵੀ ਕਿਹਾ ਕਰਦੇ ਸਨ ਕਿ ਜੰਗ ਵੇਲੇ ਸਭ ਤੋਂ ਚੰਗੀ ਨੀਤੀ ਹਮਲਾ ਕਰਨ ਦੀ ਹੁੰਦੀ ਹੈ, ਰੱਖਿਆ ਦੀ ਨਹੀਂ। ਪਹਿਲੋਂ ਵਾਰ ਕਰਨ ਵਾਲਾ ਸਦਾ ਲਾਹੇ ਵਿਚ ਰਹਿੰਦਾ ਹੈ।" ਫੌਜੀ ਜਰਨੈਲ ਹੁੰਦਿਆਂ ਹੋਇਆਂ ਨੈਤਿਕਤਾ, ਸਦਭਾਵਨਾ ਤੇ ਆਚਰਣ ਦੀ ਉੱਚਤਾ ਨੂੰ ਸਦਾ ਯਾਦ ਰੱਖਿਆ। ਇਹ ਗੁਣ ਨਾ ਉਨ੍ਹਾਂ ਆਪ ਤਿਆਗੇ ਨਾ ਆਪਣੇ ਸਿੱਖਾਂ ਨੂੰ ਤਿਆਗਣੇ ਦੱਸੇ। ਗੁਰੂ ਸਾਹਿਬ ਸਦਾ ਕਿਹਾ ਕਰਦੇ ਸਨ,"ਲੜਾਈ ਦੇ ਮੈਦਾਨ ਵਿਚ ਡਿੱਗੇ ਹੋਏ, ਸ਼ਸਤਰਹੀਨ, ਬਾਲਕ, ਬਿਰਧ, ਇਸਤ੍ਰੀ, ਰੋਗੀ ਤੇ ਸਰਨ ਆਏ ਉਤੇ ਕਦੇ ਵਾਰ ਨਾ ਕਰੋ। ਐਸਾ ਕਰਨ ਨਾਲ ਤੇਜ਼ ਪ੍ਰਤਾਪ ਨਸ਼ਟ ਹੋ ਜਾਏਗਾ।"

ਭਾਈ ਗੁਰਦਾਸ ਜੀ ਦੇ ਕਹੇ ਅਨੁਸਾਰ ਗੁਰੂ


www.AKJ.Org

ਸਾਹਿਬ "ਬਹੁ ਪਰਉਪਕਾਰੀ" ਸਨ। ਸਬਰ, ਸੰਤੋਖ, ਸਹਿਨਸ਼ੀਲਤਾ, ਸੰਜਮ ਤੇ ਸਦਭਾਵਨਾ ਉਨ੍ਹਾਂ ਦੇ ਮੁੱਖ ਗੁਣ ਸਨ। ਆਪ ਹਰ ਜਾਤੀ, ਹਰ ਧਰਮ, ਹਰ ਵਿਅਕਤੀ ਨਾਲ ਪਿਆਰ ਕਰਦੇ ਸਨ। ਕਿਸੇ ਨਾਲ ਈਰਖਾ, ਸਾੜਾ, ਦੁਸ਼ਮਣੀ ਦਾ ਵਤੀਰਾ ਉਨ੍ਹਾਂ ਕਦੇ ਨਹੀਂ ਸੀ ਕੀਤਾ। ਉਹ ਜ਼ਾਹਿਰ ਤੇ ਬਾਤਨ ਇਕੋ ਜਿਹੇ ਸਨ। ਉਹ ਮਨੁੱਖਤਾ ਦੇ ਸ਼ੈਦਾਈ ਸਨ। ਉਹ ਸਭ ਧਰਮਾਂ ਦਾ ਸਤਿਕਾਰ ਕਰਦੇ ਸਨ। ਆਪ ਦੀ ਧਾਰਮਿਕ -ਸੋਚ ਕਦੇ ਵੀ ਸੰਕੀਰਨ ਨਹੀਂ ਹੋਈ। ਉਹਨਾਂ ਕਦੇ ਵੀ ਕੱਟੜਤਾ ਤੇ ਵੱਖਵਾਦ ਦੀ ਭਾਵਨਾ ਨਹੀਂ ਸੀ ਰੱਖੀ। ਉਨ੍ਹਾਂ ਨੇ ਸ੍ਰੀ ਹਰਿਗੋਬਿੰਦਪੁਰਾ ਵਸਾਇਆ ਤਾਂ ਉਥੇ ਮੁਸਲਮਾਨਾਂ ਲਈ ਉਚੇਚੀ ਮਸੀਤ ਬਣਵਾਈ। ਉਹਨਾਂ ਅੰਦਰ ਪਰਾਈ-ਪੀੜਾ ਜਰਨ ਦਾ ਕਿਤਨਾਂ ਮਹਾਨ ਗੁਣ ਸੀ, ਇਸ ਦਾ ਪਤਾ ਉਹਨਾਂ ਦਾ ਗਵਾਲੀਅਰ ਦੇ ਕਿਲ੍ਹੇ ਵਿੱਚ ਬੇਦੋਸ਼ੇ ਕੈਦੀ ਰਾਜਿਆਂ ਦੀ ਸਹਾਇਤਾ ਕਰਨ ਤੇ, ਉਹਨਾਂ ਨੂੰ ਮੁਕਤ ਕਰਉਣ ਦੀ ਘਟਨਾ ਤੋ ਲੱਗਦਾ ਹੈ। ਇਸੇ ਘਟਨਾ ਕਰਕੇ ਆਪ ਨੂੰ "ਬੰਦੀ ਛੋੜ ਦਾਤਾ" ਕਰਕੇ ਯਾਦ ਕੀਤਾ ਜਾਂਦਾ ਹੈ। ਆਪ ਸਦਾ ਫੁਰਮਾਇਆ ਕਰਦੇ ਸਨ, "ਗਰੀਬ ਦਾ ਮੂੰਹ ਗੁਰੂ ਕੀ ਗੋਲਕ ਹੈ।" ਭਾਵ ਗਰੀਬ, ਭੁਖੇ ਦੇ ਲੋੜਵੰਦ ਦੇ ਮੂੰਹ ਵਿਚ ਪਾਉਣਾ ਗੁਰੂ ਨੂੰ ਭੇਟ ਚੜ੍ਹਾਉਣ ਤੁੱਲ ਹੈ।

ਗੁਰੂ ਨਾਨਕ ਸਾਹਿਬ ਨੂੰ ਕਲਿਯੁਗ ਵਿੱਚ ਨਾਮ ਦਾ ਛੱਟਾ ਦੇਣ ਲਈ ਭੇਜਿਆ ਗਿਆ ਸੀ। ਉਨ੍ਹਾਂ ਦੇ ਹੀ ਰੂਪ ਗੁਰੂ ਅੰਗਦ ਸਾਹਿਬ ਨੇ ਅਨਿੰਨ-ਭਗਤੀ ਦਾ ਰੋਲ ਨਿਭਾ ਕੇ ਰਜ਼ਾ ਤੇ ਭਾਣੇ ਵਾਲੀ ਕਾਰ ਕੀਤੀ। ਗੁਰੂ ਅਮਰਦਾਸ ਸਾਹਿਬ ਨੇ ਸੇਵਾ ਤੇ ਸਾਧਨਾ ਨਾਲ ਨਾਮ ਦੇ ਪੁੰਗਰੇ ਬੀਜ ਦੀ ਸੰਭਾਲ ਕੀਤੀ। ਗੁਰੂ ਰਾਮਦਾਸ ਪਾਤਸ਼ਾਹ ਨੇ ਸਿਦਕ, ਸਹਿਜ ਤੇ ਸਾਬੂਰੀ ਦੇ ਜਲ ਨਾਲ ਪੁੰਗਰਦੇ ਪੌਦੇ ਨੂੰ ਸਿੰਜਿਆ। ਗੁਰੂ ਅਰਜਨ ਦੇਵ ਜੀ ਮਹਾਰਾਜ ਨੇ 'ਨਾਮ' ਦੀ ਫਸਲ ਦੀ ਸੰਭਾਲ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪ "ਬੋਹਲ" ਦੀ ਸਿਰਜਨਾ ਕੀਤੀ ਤੇ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਨੇ ਇਸ ਬੋਹਲ ਦੀ ਰਾਖੀ ਲਈ ਖੜਗ-ਭੁਜਾ ਦਾ ਪ੍ਰਯੋਗ ਕੀਤਾ। ਇਸ ਤਰ੍ਹਾਂ ਪਹਿਲੇ ਪੰਜ ਗੁਰੂ ਸਹਿਬਾਨ ਨੇ ਜਿਸ "ਨਾਮ-ਭੰਡਾਰ" ਨੂੰ ਇਕੱਤਰ ਕੀਤਾ ਸੀ, ਛੇਵੇਂ ਗੁਰੂ ਜੀ ਨੇ ਉਸ ਨੂੰ ਖਾਣ ਤੇ ਭੁੰਚਣ ਲਈ ਰਾਹ ਸਾਜ਼ਗਾਰ ਕੀਤਾ।

ਸਿੱਖ ਧਰਮ ਵਿਚ 'ਗੁਰ ਸ਼ਬਦ' ਅਥਵਾ ਗੁਰਬਾਣੀ ਨੂੰ ਹੀ ਗੁਰੂ ਮੰਨਿਆ ਗਿਆ ਹੈ। ਦੇਹਧਾਰੀ ਗੁਰੂ ਸਹਿਬਾਨ "ਨਿਰੰਕਾਰ" ਦੇ ਭੇਜੇ ਹੋਏ, ਦੇਹ ਧਾਰ ਕੇ 'ਗੁਰ-ਸ਼ਬਦ' ਦਾ ਪ੍ਰਚਾਰ ਕਰਨ ਹਿੱਤ ਹੀ ਭੇਜੇ ਗਏ ਸਨ। ਅੱਡ ਅੱਡ ਦੇਹਾਂ ਵਿਚ ਹੁੰਦੇ ਹੋਏ ਵੀ ਉਹ ਸਭ "ਨਿਰੰਕਾਰ" ਦੀ ਜੋਤਿ ਹੀ ਹੋਏ ਸਨ। ਇਸ ਸਿਧਾਂਤ ਦੀ ਗੁਆਹੀ ਭਾਈ ਗੁਰਦਾਸ ਜੀ ਦਿੰਦੇ ਹੋਏ ਲਿਖਦੇ ਹਨ-

**ਨਿਰੰਕਾਰੁ ਨਾਨਕ ਦੇਉ ਨਿਰੰਕਾਰਿ ਆਕਾਰ ਬਣਾਇਆ।।**
**ਗੁਰੁ ਅੰਗਦੁ ਗੁਰ ਅੰਗ ਤੇ ਗੰਗਹੁ ਜਾਣ ਤਰੰਗ ਉਠਾਇਆ।।**
**ਅਮਰਦਾਸ ਗੁਰ ਅੰਗਦਹੁੰ ਜੋਤਿ ਸਰੂਪੀ ਚਲਤਿ ਵਰਤਾਇਆ।।**
**ਗੁਰੁ ਅਮਰੋ ਗੁਰੁ ਰਾਮਦਾਸ ਅਨਹਦ ਨਾਦਹੁੰ ਸ਼ਬਦ ਸੁਣਾਇਆ।।**
**ਰਾਮਦਾਸਹੁੰ ਅਰਜਨ ਗੁਰੂ ਗੁਰੂ ਦਰਸ਼ਨ ਦਰਪਨ ਵਿਚ ਦਿਖਾਇਆ।।**
**ਹਰਿਗੋਬਿੰਦ ਗੁਰ ਅਰਜਨਹੁੰ ਗੁਰੁ ਗੋਬਿੰਦ ਨਾਉ ਸਦਵਾਇਆ**
**ਗੁਰ ਮੂਰਤਿ ਗੁਰ ਸ਼ਬਦ ਹੈ**
**ਸਾਧ ਸੰਗਤਿ ਵਿਚਿ ਪ੍ਰਗਟੀ ਆਇਆ।।**

(ਵਾਰ ੨੪, ਪਉੜੀ ੨੫)

ਇਸ ਵਿਚਾਰ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ **"ਅਰਜਨ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ"** ਕਥਨ ਗੁਰਮਤਿ ਅਨੁਸਾਰ ਪੂਰਨ ਤੌਰ ਤੇ ਅਟੱਲ ਹੈ।

▪ ▪ ▪ ▪ ▪ ▪

## ਚਲਦੇ ਅਖੰਡ ਪਾਠ ਵਿੱਚ ਲੈਕਚਰਬਾਜ਼ੀ

ਇਕ ਵਕਤ ਇੱਕੋ ਚੀਜ਼ ਹੋਣੀ ਚਾਹੀਦੀ ਹੈ, ਪਾਠ ਜਾਂ ਲੈਕਚਰ। ਦੋਵੇਂ ਗੱਲਾਂ ਇੱਕੋ ਵਕਤ ਕਰਨੀਆਂ ਮਨਮਤ ਹੈ। ਇਸ ਦਾ ਇਹ ਭਾਵ ਹੋਵੇਗਾ ਕਿ ਅਸੀਂ ਹਜ਼ਾਰ ਯਤਨ ਨਾਲ ਗੁਰੂ ਜੀ ਨੂੰ ਬੇਨਤੀ ਕਰਦੇ ਹਾਂ ਕਿ ਕੁਝ ਫੁਰਮਾਉ, ਉਹ ਕਿਰਪਾ ਕਰਕੇ ਫੁਰਮਾਉਂਦੇ ਹਨ ਪਰ ਅਸੀਂ ਵਿੱਚੋਂ ਹੀ ਕਹਿ ਦਿੰਦੇ ਹਾਂ ਕਿ ਹੁਣ ਕੁਝ ਚਿਰ ਲਈ ਬੱਸ ਕਰੋ, ਅਸੀਂ ਆਪਣੇ ਲੈਕਚਰਾਰ ਪਾਸੋਂ ਗੱਲ ਸੁਣ ਲਈਏ।

ਇਹ ਅਤਿਅੰਤ ਬੇਅਦਬੀ ਹੈ। ਕੋਈ ਵੱਡਾ ਅਫ਼ਸਰ ਬੋਲਦਾ ਹੋਵੇ ਤਾਂ ਉਸ ਨੂੰ ਵਿਚੋਂ ਟੋਕਣਾ ਗੁਸਤਾਖ਼ੀ ਹੈ। ਅਸੀਂ ਆਪਣੇ ਸ਼ਹਿਨਸ਼ਾਹ ਨੂੰ ਵਿੱਚੋਂ ਟੋਕ ਕੇ ਮਾਮੂਲੀ ਮਨੁੱਖ ਨੂੰ ਲੈਕਚਰ ਝਾੜਨ ਲਈ ਖੜ੍ਹਾ ਕਰ ਦਿੰਦੇ ਹਾਂ।

(ਪ੍ਰਿੰ: ਤੇਜਾ ਸਿੰਘ ਜੀ)


www.AKJ.Org

# ਬੰਦੀ ਛੋੜ ਗੁਰੂ ਹਰਿਗੋਬਿੰਦ ਸਾਹਿਬ ਤੇ ਦੀਵਾਲੀ

(ਡਾ: ਜਸਮਿੱਤਰ ਸਿੰਘ ਐਮ. ਏ. ਪੀ. ਐਚ. ਡੀ.)

ਸਿੱਖ ਗੁਰੂ ਸਹਿਬਾਨਾਂ ਨੇ ਆਪਣੇ ਉਪਦੇਸ਼ਾਂ ਰਾਹੀਂ ਸਿੱਖ ਨੂੰ ਬੜਾ ਸਿੱਧਾ ਸਾਦਾ ਜੀਵਨ ਬਤੀਤ ਕਰਨ ਲਈ ਸੇਧ ਪ੍ਰਦਾਨ ਕੀਤੀ ਹੈ, ਪਾਖੰਡ ਫਜ਼ੂਲ ਦੇ ਕਰਮ-ਕਾਂਡ ਆਤਮਿਕ ਕਲਿਆਣ ਲਈ ਤੀਰਥਾਂ ਤੇ ਜਾਣ ਤੋਂ ਵਰਜਦੇ ਹੋਏ ਸੰਸਾਰ ਵਿੱਚ (ਗ੍ਰਹਿਸਤ ਧਾਰਨ ਕਰਕੇ) ਰਹਿ ਕੇ, ਨੇਕ ਕਰਮ ਕਰਕੇ, ਦਸਾਂ ਨਹੁੰਆਂ ਦੀ ਕ੍ਰਿਤ ਕਰਨ ਅਤੇ ਵੰਡ ਛਕਣ ਦੀ ਮਰਯਾਦਾ ਦੇ ਧਾਰਨੀ ਹੋ ਕੇ ਜੀਵਨ ਯਾਤਰਾ ਪੂਰੀ ਕਰਨ ਲਈ ਸਾਵਧਾਨ ਕੀਤਾ ਹੈ ਪਰੰਤੂ ਨਾਲ ਹੀ ਗੁਰੂ ਸਾਹਿਬਾਨ ਨੇ ਸਤਿ ਸੰਗਤ ਦੇ ਰੂਪ ਵਿੱਚ ਆਪਸੀ ਮੇਲ-ਮਿਲਾਪ ਦੇ ਮਹੱਤਵ ਨੂੰ ਵੀ ਉਜਾਗਰ ਕੀਤਾ ਹੈ। ਗੁਰਵਾਕ ਅਨੁਸਾਰ :

**ਗੁਰ ਉਪਦੇਸਿ ਸਾਧ ਕੀ ਸੰਗਤਿ ਬਿਨਸਿਓ ਸਗਲ ਸੰਤਾਪ।।**
**ਮਿਤ੍ਰ ਸਤ੍ਰ ਪੇਖਿ ਸਮਤੁ ਬੀਚਾਰਿਓ ਸਗਲ ਸੰਭਾਖਨ ਜਾਪੁ।।**

(ਸਾਰੰਗ ਮਹਲਾ ੫, ਪੰਨਾ ੧੨੧੭)

**ਬਿਸਰਿ ਗਈ ਸਭ ਤਾਤਿ ਪਰਾਈ।।**
**ਜਬ ਤੇ ਸਾਧ ਸੰਗਤਿ ਮੋਹਿ ਪਾਈ।।੧।। ਰਹਾਉ।।**
**ਨਾ ਕੋ ਬੈਰੀ ਨਹੀ ਬਿਗਾਨਾ,**
**ਸਗਲ ਸੰਗਿ ਹਮ ਕਉ ਬਨਿ ਆਈ।।**

(ਕਾਨੜਾ ਮਹਲਾ੫, ਪੰਨਾ ੧੨੯੯)

ਗੁਰਬਾਣੀ ਸਿੱਖ ਨੂੰ ਸੰਗਤ ਦੇ ਰੂਪ ਵਿੱਚ ਮਿਲ ਬੈਠ, ਆਪਸੀ ਮਤਭੇਦ ਦੂਰ ਕਰਕੇ, ਊਚ-ਨੀਚ ਦਾ ਭੇਦ ਮਿਟਾ ਕੇ ਸਾਂਝੀਵਾਲਤਾ ਦਾ ਪੈਗਾਮ ਦੇਂਦੀ ਹੈ। ਸਿੱਖ ਤਿਉਹਾਰਾਂ ਪੁਰ ਵਿਸ਼ੇਸ਼ ਇਕੱਠ ਦੇ ਪਿਛੇ ਇਹੀ ਮੁੱਖ ਭਾਵਨਾ ਹੁੰਦੀ ਹੈ।

ਦੀਵਾਲੀ ਦੇ ਪੁਰਬ ਦਾ ਤੁਅਲਕ ਭਾਵੇਂ ਕਿ 'ਸ੍ਰੀ ਹਰਿਮੰਦਰ ਸਾਹਿਬ' ਦੀ ਸਾਜਨਾ ਤੋਂ ਹੀ ਮੰਨਿਆਂ ਜਾਂਦਾ ਏ ਪਰੰਤੂ ਵਿਸ਼ੇਸ਼ ਕਰਕੇ ਇਸ ਦਿਹਾੜੇ ਦਾ ਸਬੰਧ ਸਿੱਖਾਂ ਦੇ ਛੇਵੇਂ ਗੁਰੂ 'ਗੁਰੂ ਹਰਿਗੋਬਿੰਦ ਸਾਹਿਬ ਜੀ' ਨਾਲ ਜੁੜਦਾ ਹੈ। ਭਾਈ ਕਾਨ੍ਹ ਸਿੰਘ ਜੀ ਦੇ **ਮਹਾਨ ਕੋਸ਼** ਦੇ ਪੰਨਾ ੪੭੬ ਤੇ ਦਰਜ਼ ਇੰਦਰਾਜ਼ ਮੁਤਾਬਿਕ **ਸਿੱਖਾਂ ਵਿੱਚ ਇਹ ਦੀਵੇ ਬਾਲਣ ਦੀ ਰਸਮ ਬਾਬਾ ਬੁੱਢਾ ਜੀ ਨੇ ਚਲਾਈ, ਕਿਉਕਿ ਗੁਰੂ ਹਰਗੋਬਿੰਦ ਸਾਹਿਬ ਦੀਵਾਲੀ ਦੇ ਦਿਨ ਗਵਾਲੀਅਰ ਦੇ ਕਿਲੇ ਤੋ ਅੰਮ੍ਰਿਤਸਰ ਪਧਾਰੇ ਸਨ। ਇਸ ਵਾਸਤੇ ਖੁਸ਼ੀ ਵਿੱਚ ਰੋਸ਼ਨੀ ਕੀਤੀ ਗਈ।**

ਇਤਿਹਾਸਕ ਹਵਾਲਿਆਂ ਮੁਤਾਬਿਕ ਮੁਗਲ ਬਾਦਸ਼ਾਹ ਜਹਾਂਗੀਰ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਇਸ ਲਈ ਗ੍ਰਿਫਤਾਰ ਕੀਤਾ ਸੀ ਕਿਉਂ ਜੋ ਉਨਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਰਾਜ ਵੱਲੋ ਹੋਏ ਜੁਰਮਾਨੇ ਦੀ ਅਦਾਇਗੀ ਨਹੀਂ ਕੀਤੀ ਸੀ। ਇੱਕ ਹੋਰ ਮੱਤ ਇਸ ਸਬੰਧੀ ਜ਼ਿਆਦਾ ਸਾਰਥਕ ਲੱਗਦਾ ਹੈ -ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋ ਬਾਅਦ ਸਿੱਖ ਸਿਰਫ ਸੰਤ ਹੀ ਨਹੀਂ ਰਹੇ ਸਨ ਉਹ ਸਿਪਾਹੀ ਵੀ ਬਣ ਗਏ ਸਨ। (ਛੇਵੇ ਪਾਤਸ਼ਾਹ ਦੁਆਰਾ 'ਮੀਰੀ ਪੀਰੀ' ਦੀਆਂ ਦੋ ਤਲਵਾਰਾਂ ਧਾਰਨ ਕਰਨਾ) ਸਿੱਖਾਂ ਦਾ ਗੁਰੂ ਹਰਿਗੋਬਿੰਦ ਸਾਹਿਬ ਦੀ ਅਗਵਾਈ ਹੇਠ ਸ਼ਸ਼ਤਰਧਾਰੀ ਹੋਣਾ ਜਿਸ ਨੂੰ ਇਤਿਹਾਸਕਾਰਾਂ ਨੇ ਇੱਕ ਇਤਿਹਾਸਕ ਮੋੜ ਕਿਹਾ ਏ। Turning Point in Sikh History Prof. H.R. Gupta ਨੇ Religion in Revolt Under Guru Hargobind Sahib ਸ਼ਬਦ ਵਰਤੇ ਹਨ।

ਸੋ ਸਿੱਖਾਂ ਨੇ ਸ਼ਸ਼ਤਰਧਾਰੀ ਹੋਣ ਪੁਰ ਮੁਗਲ ਹਕੂਮਤ ਨੂੰ ਡਰ ਭਾਸਣ ਲੱਗ ਗਿਆ ਸੀ ਕਿ ਸਿੱਖ ਕਿਧਰੇ ਬਗਾਵਤ ਨਾ ਕਰ ਦੇਣ, ਜਹਾਂਗੀਰ ਬਾਦਸ਼ਾਹ ਨੇ ਗੁਰੂ ਹਰਗੋਬਿੰਦ ਸਾਹਿਬ ਨੂੰ ਗ੍ਰਿਫਤਾਰ ਕਰਕੇ ਗਵਾਲੀਅਰ ਦੇ ਕਿਲੇ 'ਚ ਨਜ਼ਰਬੰਦ ਕਰ ਦਿੱਤਾ ਜਿੱਥੇ ਕਿ ਉਸ ਸਮੇਂ ਦੇ ਬਾਕੀ ਬਾਈ ਰਾਜਿਆਂ (ਜਿਨ੍ਹਾਂ 'ਚ ਹਿੰਦੂ ਜ਼ਿਆਦਾ ਸਨ) ਨੂੰ ਬੰਦੀ ਬਣਾਇਆ ਹੋਇਆ ਸੀ। Prof. H.R. Gupta, **History of Sikh Gurus** ....109-10.

ਇਕ ਹੋਰ ਰਵਾਇਤ ਅਨੁਸਾਰ ਕਿ ਗੁਰੂ ਘਰ ਦੇ ਵਿਰੋਧੀ ਚੰਦੂ ਨੇ ਵੀ ਮੁਗਲ ਬਾਦਸ਼ਾਹ ਨੂੰ ਗੁਰੂ ਹਰਗੋਬਿੰਦ ਸਾਹਿਬ ਦੇ ਖ਼ਿਲਾਫ਼ ਕਾਫ਼ੀ ਭੜਕਾਇਆ, ਜਿਸ ਤੇ ਜਹਾਂਗੀਰ ਨੇ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਗ੍ਰਿਫ਼ਤਾਰ ਕਰਕੇ ਗਵਾਲੀਅਰ ਦੇ ਕਿਲੇ 'ਚ ਕੈਦ ਕਰ ਲਿਆ।

ਗੁਰੂ ਸਾਹਿਬ ਦੇ ਇਸ ਕਿਲੇ ਵਿਚ ਬੰਦੀ ਰਹਿਣ ਦੇ ਸਮੇਂ ( Period) ਸਬੰਧੀ ਸਾਰੇ ਵਿਦਵਾਨਾਂ ਦਾ ਇਕ ਮੱਤ ਨਹੀਂ, ਕੋਈ ਸਮਾਂ ਵਧ ਦਸਦਾ ਹੈ ਕੋਈ ਘੱਟ ਦਸਦਾ ਹੈ। ਖੈਰ, ਜਦੋਂ ਜਹਾਂਗੀਰ ਬਾਦਸ਼ਾਹ ਦੀ ਇਹ ਤਸੱਲੀ ਹੋ ਗਈ ਕਿ ਗੁਰੂ ਸਾਹਿਬ ਦੀ ਅਗਵਾਈ ਹੇਠ ਸਿੱਖ ਕਿਸੇ ਕਿਸਮ ਦੀ ਕੋਈ ਬਗਾਵਤ ਆਦਿ ਕਰਨ ਬਾਰੇ ਨਹੀਂ ਸਨ ਸੋਚ ਰਹੇ , ਤਾਂ ਉਸਨੇ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਰਿਹਾਈ ਦੇ ਹੁਕਮ ਜਾਰੀ ਕੀਤੇ ਅਤੇ ਗੁਰੂ ਸਾਹਿਬ ਪ੍ਰਤੀ ਬੜੇ ਇਜ਼ਤ-ਮਾਣ ਦਾ ਪ੍ਰਗਟਾਵਾ ਕੀਤਾ। ਸਿੱਖ ਰਵਾਇਤਾਂ ਅਨੁਸਾਰ



www.AKJ.Org

ਗੁਰੂ ਸਾਹਿਬ ਦੇ ਕਹਿਣ ਤੇ ਹੀ ਬਾਕੀ ਰਾਜਸੀ ਕੈਦੀ (ਬਾਗੀ ਰਾਜੇ) ਜਿਨ੍ਹਾਂ ਦੀ ਗਿਣਤੀ ਤਕਰੀਬਨ ੫੨ ਦੱਸੀ ਜਾਂਦੀ ਹੈ, ਵੀ ਜਹਾਂਗੀਰ ਨੂੰ ਰਿਹਾਅ ਕਰਨੇ ਪਏ। ਏਸੇ ਕਰਕੇ **ਹੀ ਗੁਰੂ ਹਰਗੋਬਿੰਦ ਸਾਹਿਬ ਨੂੰ 'ਬੰਦੀ-ਛੋੜ' ਅਤੇ ਇਸ ਦਿਹਾੜੇ ਨੂੰ 'ਬੰਦੀ-ਛੋੜ' ਪੁਰਬ ਵੀ ਕਿਹਾ ਜਾਂਦਾ ਹੈ।**

ਦੂਸਰੇ ਬੰਦੀਆਂ ਦੀ ਰਿਹਾਈ ਨੇ ਜਿਥੇ ਗੁਰੂ ਜੀ ਦੇ ਜਸ ਵਿਚ ਵਾਧਾ ਕੀਤਾ, ਉਥੇ ਉਨ੍ਹਾਂ ਦੀ ਉਦਾਰਤਾ ਦਾ ਵੀ ਸਬੂਤ ਦੇ ਕੇ ਆਪ ਜੀ ਨੇ ਆਪਣੇ ਨਿੱਜ ਤੋਂ ਕਿਧਰੇ ਉਪਰ ਉੱਠ ਕੇ ਫਿਰਕਾ ਪ੍ਰਸਤੀ ਅਤੇ ਕੌਮ ਪ੍ਰਸਤੀ ਤੋਂ ਕਿਤੇ ਅਗਾਂਹ ਵਧ ਕੇ ਸਾਂਝੀਵਾਲਤਾ ਦਾ ਸਬੂਤ ਦਿੱਤਾ। ਦੱਸਿਆ ਜਾਂਦਾ ਹੈ ਕਿ ਇਹਨਾਂ ਬੰਦੀ ਰਾਜਿਆਂ ਨੇ ਵੀ ਰਿਹਾਈ ਤੋਂ ਬਾਦ ਆਪਣੀ ਆਪਣੀ ਰਿਆਸਤ ਵਿਚ ਦੀਵਾਲੀ ਮਨਾਈ। **ਸੋ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਦੀਵਾਲੀ ਵਾਲੇ ਦਿਨ ਗਵਾਲੀਅਰ ਦੇ ਕਿਲੇ ਤੋਂ ਰਿਹਾ ਹੋ ਕੇ ਸ੍ਰੀ ਦਰਬਾਰ ਸਾਹਿਬ. ਸ੍ਰੀ ਅੰਮ੍ਰਿਤਸਰ ਪਹੁੰਚੇ ਤਾਂ ਸਿਖਾਂ ਨੇ ਦੀਪ ਮਾਲਾ ਕਰਕੇ. ਆਤਿਸ਼ਬਾਜ਼ੀ ਚਲਾ ਕੇ. ਮਠਿਆਈਆਂ ਵੰਡ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ. ਜਿਸ ਤੇ ਹਰ ਸਾਲ ਹੀ ਸਿੱਖ ਇਸ ਦਿਹਾੜੇ ਦੀ ਯਾਦ ਨੂੰ ਤਾਜ਼ਾ ਕਰਦੇ ਹਨ।**

ਦੀਵਾਲੀ ਦੇ ਪੁਰਬ ਦਾ ਸਿਖਾਂ ਦੀ ਇਕ ਹੋਰ ਅਹਿਮ ਸ਼ਖਸ਼ੀਅਤ ਭਾਈ ਮਨੀ ਸਿੰਘ ਨਾਲ ਵੀ ਸਬੰਧ ਜੁੜਦਾ ਏ। ਭਾਵੇਂ ਕਿ ਸਿਖ ਵਿਚਾਰ-ਧਾਰਾ ਅਨੁਸਾਰ ਸਿਖ ਲਈ ਤੀਰਥਾਂ ਦੇ ਦਰਸ਼ਨ ਇਸ਼ਨਾਨ ਦਾ ਕੋਈ ਖ਼ਾਸ ਮਹੱਤਵ ਨਹੀਂ ਏ, ਪਰੰਤੂ ਸਿਖ ਮਰਯਾਦਾ ਅਨੁਸਾਰ 'ਸ੍ਰੀ ਅੰਮ੍ਰਿਤਸਰ ਸਾਹਿਬ' ਜੀ ਦੇ ਦਰਸ਼ਨ ਇਸ਼ਨਾਨ ਦਾ ਸਿਖਾਂ ਲਈ ਵਿਸ਼ੇਸ਼ ਮਹਾਤਮ ਮੰਨਿਆ ਜਾਂਦਾ ਆ ਰਿਹਾ ਏ।

ਸੋ ਸਿਖਾਂ ਵਿਚ ਇਸ ਅਹਿਮ ਦਿਹਾੜੇ ਤੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ 'ਸਰਬਤ ਖ਼ਾਲਸਾ' ਦੇ ਰੂਪ ਵਿੱਚ ਇਕਤਰ ਹੋ ਕੇ ਪੰਥਕ ਹਿੱਤਾਂ ਲਈ 'ਗੁਰਮਤੇ' ਦੇ ਰੂਪ ਵਿਚ ਮਹੱਤਵ-ਪੂਰਨ ਫ਼ੈਸਲੇ ਲੈਣ ਦੀ ਪ੍ਰਥਾ ਸੀ। ਦਸਮ ਪਾਤਸ਼ਾਹ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਇਸ ਇਕੱਠ ਦਾ ਮਹੱਤਵ ਹੋਰ ਵੀ ਵੱਧ ਗਿਆ ਸੀ।

ਦਸਮ ਪਾਤਸ਼ਾਹ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਕੁਝ ਸਮਾਂ ਤਾਂ ਪੰਥਕ ਅਗਵਾਈ ਦਾ ਕੰਮ, ਗੁਰਬਖਸ਼ ਸਿੰਘ ਉਰਫ ਬੰਦਾ ਬਹਾਦਰ,ਦੇ ਸਪੁਰਦ ਰਿਹਾ। ਬੰਦਾ ਬਹਾਦਰ ਦੀ ਸ਼ਹੀਦੀ ਉਪਰੰਤ ਇਹ ਕੰਮ ਗੁਰੂ ਘਰ ਦੇ ਅਨਿਨ ਸਿੱਖ ਭਾਈ ਮਨੀ ਸਿੰਘ ਜੀ ਦੇ ਸਪੁਰਦ ਹੋ ਗਿਆ।

ਜਿਉਂ ਜਿਉਂ ਸਮਾਂ ਬੀਤਦਾ ਗਿਆ, ਮੌਕੇ ਦੀ ਹਕੂਮਤ ਸਿੱਖਾਂ ਤੇ ਕੜੀ ਨਿਗਰਾਨੀ ਰੱਖਣ ਲੱਗ ਪਈ। ਸਿੱਖਾਂ ਦੇ ਕਹਿਣ ਤੇ ਭਾਈ ਮਨੀ ਸਿੰਘ ਜੀ ਨੇ ਮੁਗਲ ਹਕੂਮਤ ਪਾਸੋਂ ਦੀਵਾਲੀ ਦੇ ਦਿਵਸ ਪੁਰ 'ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਦੇ ਲਈ ਆਗਿਆ ਲੈ ਲਈ, ਜਿਸ ਦੇ ਬਦਲੇ ਭਾਈ ਮਨੀ ਸਿੰਘ ਜੀ ਨੇ ਸਰਕਾਰੀ ਖ਼ਜ਼ਾਨੇ ਵਿੱਚ ਕੁਝ ਰਕਮ ਟੈਕਸ ਦੇ ਰੂਪ ਵਿੱਚ ਜਮਾਂ ਕਰਾਉਣੀ ਸਵੀਕਾਰ ਕੀਤੀ ਸੀ।

ਪਰੰਤੂ ਜਦੋਂ ਭਾਈ ਮਨੀ ਸਿੰਘ ਜੀ ਨੂੰ ਮੁਗਲਾਂ ਦੀ ਇਸ ਚਾਲ ਦਾ ਪਤਾ ਲੱਗ ਗਿਆ ਕਿ ਮੁਗਲ ਹਕੂਮਤ ਸਿੱਖਾਂ ਦੇ ਇਸ ਇਕੱਠ ਸਮੇਂ ਅਚਾਨਕ ਹਮਲਾ ਕਰਕੇ ਸਿੱਖਾਂ ਦਾ ਸਮੂਹਿਕ ਕਤਲੇਆਮ ਕਰਨ ਦੀ ਸਾਜਿਸ਼ ਰਚ ਰਹੀ ਹੈ ਤਾਂ ਉਨ੍ਹਾਂ ਨੇ ਵੱਖ-ਵੱਖ ਜਗ੍ਹਾ ਸੰਦੇਸ਼ ਭੇਜ ਕੇ ਸਿੱਖਾਂ ਨੂੰ ਦੀਵਾਲੀ ਦੇ ਦਿਨ ਸ੍ਰੀ ਅੰਮ੍ਰਿਤਸਰ ਇੱਕਤ੍ਰ ਹੋਣ ਤੋਂ ਮਨ੍ਹਾ ਕਰ ਦਿੱਤਾ ਜਿਸ ਕਰਕੇ ਦੀਵਾਲੀ ਦਾ ਇਕੱਠ ਨਾ ਹੋ ਸਕਿਆ ਅਤੇ ਭਾਈ ਮਨੀ ਸਿੰਘ ਜੀ ਮੁਗਲ ਖਜ਼ਾਨੇ ਵਿੱਚ ਕਰ (ਯਾਤਰਾ ਟੈਕਸ) ਦੇ ਰੂਪ ਵਿੱਚ ਰਕਮ ਜਮਾਂ ਨਾ ਕਰਾ ਸਕੇ। ਮੁਗਲ ਹੁਕਮਰਾਨ ਨੇ ਇਸ ਬਹਾਨੇ ਭਾਈ ਸਾਹਿਬ ਨੂੰ ਬੰਦੀ ਬਣਾ ਲਿਆ ਅਤੇ ਉਨਾਂ ਨੂੰ ਇਸਲਾਮ ਕਬੂਲ ਕਰਨ ਲਈ ਮਜ਼ਬੂਰ ਕਰਨ ਲੱਗੇ ਪਰੰਤੂ ਭਾਈ ਸਾਹਿਬ ਦਾ ਸਿੱਖੀ ਸਿਦਕ ਕਾਇਮ ਰਿਹਾ ਤੇ ਮੁਗਲ ਹਾਕਮਾਂ ਨੂੰ ਜਵਾਬ ਦਿੱਤਾ:-

*ਮੈਂ ਬੰਦ ਬੰਦ ਚਹੌਂ ਕਟਾਯਾ।*
*ਇਮ ਕਹਿ ਕੈ ਉਨ ਇਮੈ ਅਲਾਯਾ।*
*ਅਬ ਪੈਸੇ ਹਮ ਪੈ ਕਛੁ ਨਾਹੀਂ।*
*ਲੈ ਜਾਨ ਹਮਾਰੀ ਨਗਦੀ ਮਾਹੀਂ।*

(੨੯੮-ਪ੍ਰਾਚੀਨ ਪੰਥ ਪ੍ਰਕਾਸ਼)

ਤਾਂ ਇਸ ਸਬੰਧੀ ਕਾਜ਼ੀਆਂ ਮੁੱਲਾਂ ਨੇ ਫਤਵਾਂ ਦਿੱਤਾ:

*ਖ਼ਾਨ ਕਹਯੋ ਹੋਹੁ ਮੁਸਲਮਾਨ।*
*ਤਦ ਛਡੋਂਗੇ ਤੁਮਾਰੀ ਜਾਨ।*
*ਸਿੰਘਨ ਕਹਯੋ ਹਮ ਸਿੱਦਕ ਨ ਹਾਰੈਂ।*
*ਕਈ ਜਨਮ ਪਰ ਸਿਦਕ ਸੁ ਗਾਰੈਂ।।੪੦।।....*
*ਤਬ ਕਾਜ਼ੀ ਨੇ ਜਿਮ ਹੀ ਕਹਯੋ।*
*ਤਿਵੇਂ ਮੁਫਤ ਨੇ ਫ਼ਤਵਾ ਦਯੋ।।੪੧।।*
*ਬੰਦ ਬੰਦ ਜੁਦੇ ਸਿੰਘ ਮਨੀ ਕਰਾਵੋ।*
*ਇਮ ਕਰ ਚਹੀਅਤ ਜਗਤ ਦਿਖਾਵੋ।*
*ਹੋਨੀ ਸੀ ਸੋ ਉਨ ਮੁਖ ਬੋਲੀ। ਉਨ ਮੁਖ ਭੀ ਸ੍ਰਾਪ ਕੁੰਜੀ ਖੋਲੀ।।੪੨।।* (੨੯੮-ਪ੍ਰਚੀਨ ਪੰਥ ਪ੍ਰਕਾਸ਼)

ਇਸ ਤਰਾਂ ਭਾਈ ਸਾਹਿਬ ਭਾਈ ਮਨੀ ਸਿੰਘ ਜੀ

ਪੰਨਾ ੨੨ ਤੇ ਬਾਕੀ........



www.AKJ.Org

# ਅਣਲੱਭ ਤੇ ਅਨਮੋਲ ਖ਼ਜ਼ਾਨਾ

(ਸੁਸ਼ੀਲ ਕੌਰ)

ਇਨ੍ਹਾਂ ਲਿਖਤਾਂ ਅੱਗੇ ਸਿਰ ਆਪੇ ਝੁਕ ਜਾਂਦੇ
ਜਦੋਂ ਇਹਨਾਂ ਦੇ ਪੰਨਿਆਂ ਉਤੋਂ,
ਗੁਰੂਆਂ ਭਗਤਾਂ ਫ਼ਕੀਰਾਂ ਤੇ ਸੰਤਾਂ ਦੇ ਦਰਸ਼ਨ ਹੁੰਦੇ।
ਉੱਚੀਆਂ ਸੁੱਚੀਆ ਰੂਹਾਂ ਨਾਲ ਮੇਲ ਹੁੰਦੇ।
ਉਹ ਖਿੜੀਆਂ ਰੂਹਾਂ, ਸਾਨੂੰ ਅਸ਼ੀਰਵਾਦ ਦਿੰਦੀਆਂ।
ਸਚਾਈ ਦੇ ਨੇੜੇ ਲੈ ਜਾਂਦੀਆਂ,
ਬੁਰਾਈ ਤੋਂ ਦੂਰ ਨਸ੍ਹਾਂਦੀਆਂ।
ਕਦੀ ਬਿਰਹਾ ਦੀ ਰੰਗਣ ਚਾੜ੍ਹ,
ਕਰੁਣਾ ਵਿਚ ਡੁਬੋਦੀਆਂ।
ਨੈਣੋਂ ਹੰਝੂਆਂ ਦੀਆਂ ਧਾਰਾਂ ਵਹਾ,
ਅੰਦਰਲੇ ਦੀ ਮੈਲ ਧੋਂਦੀਆਂ।
ਫੁੱਲ ਵਾਂਗੂੰ ਹੌਲਾ ਕਰ ਦਿੰਦੀਆਂ,
ਤਾਜ਼ਾ ਕਰ ਦਿੰਦੀਆਂ।
ਕਦੀ ਸੱਚ ਦੀ ਗੰਢ ਫਰੋਲ,
ਚੰਗੇ ਮਾੜੇ ਦੀ ਪਛਾਣ ਕਰਵਾਉਂਦੀਆਂ।
ਇਹਨਾਂ ਲਿਖਤਾਂ ਰਾਹੀਂ-
ਗੁਰੂ, ਭਗਤ, ਫ਼ਕੀਰ ਤੇ ਸੰਤ ਸਾਰੇ,
ਆ ਕੇ ਸਾਡੀਆਂ ਬਾਹਾਂ ਫੜਦੇ,
ਤੇ ਮਹਾਂ ਅਨੰਦ ਦੇ ਸਾਗਰਾਂ ਵਿਚ
ਤਰਨ ਦੀ ਜਾਚ ਸਿਖਾਲਦੇ।
ਇਹ ਲਿਖਤਾਂ ਮਹਾਨ।
ਇਹਨਾਂ ਨੂੰ ਲਿਖਣ ਵਾਲੇ ਮਹਾਨ।
ਪਰ ਉਹ ਕੌਣ ਸਨ?
ਜੋ ਜਾਣਦੇ ਸਨ,
ਕਿ ਇਸ ਕਮਰੇ ਵਿਚ ਪਿਆ ਹੈ,
ਅਣਲੱਭ ਵਸਤਾਂ ਦਾ ਅਨਮੋਲ ਖ਼ਜ਼ਾਨਾ।
ਫਿਰ ਵੀ ਉਨ੍ਹਾਂ ਹੁਕਮ ਦਿੱਤਾ,
ਕਿ ਜ਼ਰੂਰੀ ਹੈ ਇਸ ਨੂੰ ਸਾੜਨਾ।
ਹਾਏ! ਲੇਖ ਸਾਡੇ ਕਿਦਾਂ ਸੜੇ?
ਜਲ ਕੇ ਰਾਖ ਹੋਈ ਲਾਇਬ੍ਰੇਰੀ,
ਅਤੇ ਅਜਾਇਬ ਘਰ ਦੀ ਭਸਮ ਵੀ
ਮੱਥੇ 'ਤੇ ਲਾਉਣੀ ਨਸੀਬ ਨਾ ਹੋਈ।
ਕਾਲੀਆਂ ਸੁਆਹ ਹੋਈਆਂ ਕੰਧਾਂ ਟੱਪ
ਜਲੀਆਂ ਖਿੜਕੀਆਂ ਤੇ ਰੋਸ਼ਨਦਾਨਾਂ 'ਚੋਂ ਝਾਕ ਝਾਕ
ਮਨ ਰੋ ਰੋ ਪੁੱਛਦਾ ਏ-
ਕਿੱਥੇ ਨੇ- ਸਾਡੇ ਮਹਾਂ-ਪੁਰਖਾਂ ਦੀਆਂ ਹੱਥ-ਲਿਖਤਾਂ?
ਕਿੱਥੇ ਨੇ- ਸਾਡੇ ਗੁਰੂਆਂ ਦੀਆਂ ਉਂਗਲੀਆਂ ਨਾਲ
ਛੋਹੀਆਂ ਤਾਰਾਂ ਵਾਲੇ
ਰੱਬੀ ਬਾਣੀ ਅਲਾਪਣ ਵਾਲੇ ਸਾਜ਼?
ਕਿੱਥੇ ਨੇ- ਮਨ-ਮੁਗਧ ਕਰਨ ਵਾਲੇ ਚਿੱਤਰ?
ਕਿੱਥੇ ਨੇ- ਸੂਰਬੀਰ ਬਹਾਦਰਾਂ ਦੀਆਂ ਤਸਵੀਰਾਂ-
ਜਿਨ੍ਹਾਂ ਦੇ ਖ਼ੂਨ ਨਾਲ
ਪੰਜਾਬ ਦੀ ਧਰਤੀ ਦਾ ਜ਼ੱਰਾ ਜ਼ੱਰਾ ਸਿੰਜਿਆ ਹੋਇਆ ਹੈ?
ਐਨਾ ਮਹਿੰਗਾ, ਐਨਾ ਸੁੱਚਾ ਯਾਦਾਸ਼ਤਾਂ ਦਾ ਖਜ਼ਾਨਾ
ਜੋ ਸਾਂਭ ਰੱਖਿਆ ਸੀ-ਚਾਵਾਂ ਮਲ੍ਹਾਰਾਂ ਨਾਲ-
ਸੜ ਕੇ ਸੁਆਹ ਹੋ ਗਿਆ।
ਅੱਜ ਅਸੀਂ ਲੁੱਟ ਹੋ ਗਏ।

("ਚੇਤਰ ਡੰਗ" ਵਿੱਚੋਂ)

## ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮਾਰ ਮੁਕਾਉਣ (ਸ਼ਹੀਦ ਕਰਨ) ਸੰਬੰਧੀ ਮੁਗ਼ਲ ਬਾਦਸ਼ਾਹ ਜਹਾਂਗੀਰ ਦੇ ਆਪਣੀ "ਤੁਜ਼ਕ" ਵਿੱਚ ਲਿਖੇ ਵਿਚਾਰ

ਗੋਇੰਦਵਾਲ ਵਿੱਚ ਜੋਹੜਾ ਕਿ ਬਿਆਸਾ ਦਰਿਆ ਦੇ ਕੰਢੇ ਉੱਤੇ ਹੈ, ਪੀਰਾਂ ਬਜ਼ੁਰਗਾਂ ਦੇ ਵੇਸ ਵਿੱਚ ਅਰਜੁਨ ਨਾਮ ਇਕ ਹਿੰਦੂ ਸੀ ਜਿਸ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਸਗੋਂ ਮੂਰਖ ਤੇ ਬੇਸਮਝ ਮੁਸਲਮਾਨਾਂ ਨੂੰ ਭੀ ਆਪਣੀ ਰਹਿਤ ਬਹਿਤ ਦਾ ਸ਼ਰਧਾਲੂ ਬਣਾ ਕੇ ਆਪਣੇ ਵਲੀ ਤੇ ਪੀਰ ਹੋਣ ਦਾ ਢੋਲ ਬਹੁਤ ਉੱਚਾ ਵਜਾਇਆ ਹੋਇਆ ਸੀ, ਉਹ ਉਸਨੂੰ ਗੁਰੂ ਆਖਦੇ ਸਨ। ਸਭਨਾ ਤਰਫ਼ਾਂ ਤੋਂ ਫਰੇਬੀ ਤੇ ਠੱਗੀ-ਪਸੰਦ ਲੋਕ ਉਸ ਦੇ ਕੋਲ ਆ ਕੇ ਉਸ ਉੱਤੇ ਆਪਣੀ ਪੂਰੀ ਸ਼ਰਧਾ ਪ੍ਰਗਟ ਕਰਦੇ ਸਨ, ਤਿੰਨ ਚਾਰ ਪੀੜ੍ਹੀਆਂ ਤੋਂ ਉਨ੍ਹਾਂ ਇਹ ਦੁਕਾਨ ਚਲਾਈ ਹੋਈ ਸੀ।

ਬਹੁਤ ਚਿਰਾਂ ਤੋਂ ਮੇਰੇ ਮਨ ਵਿੱਚ ਖਿਆਲ ਉਠ ਰਿਹਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ (ਗੁਰੂ) ਨੂੰ ਮੁਸਲਮਾਨੀ ਫਿਰਕੇ ਵਿੱਚ ਲੈ ਆਉਣਾ ਚਾਹੀਦਾ ਹੈ...........

ਮੈਂ ਹੁਕਮ ਦਿੱਤਾ ਕਿ ਉਸ ਨੂੰ ਹਾਜ਼ਰ ਕੀਤਾ ਜਾਏ ਤੇ ਮੈਂ ਉਸ ਦਾ ਘਰ ਘਾਟ ਤੇ ਬੱਚੇ ਮੁਰਤਜ਼ਾ ਖਾਂ ਦੇ ਹਵਾਲੇ ਕਰ ਦਿੱਤੇ ਅਤੇ ਉਸ ਦਾ ਮਾਲ ਅਸਬਾਬ ਜ਼ਬਤ ਕਰਕੇ ਹੁਕਮ ਦਿੱਤਾ ਕਿ ਉਸ ਨੂੰ ਸਿਆਸਤ ਅਤੇ ਯਾਸਾ ਦੇ ਕਾਨੂੰਨ ਅਨੁਸਾਰ ਦੰਡ ਦੇਣ! (ਫ਼ਾਰਸੀ ਤੋਂ ਪੰਜਾਬੀ ਉਲਥਾ)

********



www.AKJ.Org

# ਦੋ ਤਲਵਾਰੀਂ ਬੱਧੀਆਂ

(ਡਾ: ਕੁਲਦੀਪ ਕੌਰ)

ਛਠਮੁ ਪੀਰ ਸ੍ਰੀ ਹਰਗੋਬਿੰਦ ਸਾਹਿਬ ਜੀ ਨੂੰ ਭਾਈ ਗੁਰਦਾਸ ਜੀ ਨੇ 'ਗੁਰ ਭਾਰੀ' ਕਹਿ ਕੇ ਸਨਮਾਨਿਆ ਅਤੇ ਗੁਰੂ ਸਾਹਿਬ ਦੇ ਹਜੂਰੀ ਢਾਡੀ ਅਬਦੁੱਲਾ ਤੇ ਨੱਥ ਮੱਲ ਨੇ ਗੁਰੂ ਜੀ ਦੀ ਗੱਦੀ ਨਸ਼ੀਨੀ ਬਾਰੇ ਵਾਰ ਗਾਉਂਦਿਆਂ ਹੋਇਆਂ ਦੋ ਤਲਵਾਰਾਂ ਗਾਤਰੇ ਸਜਾਉਣ ਦਾ ਜ਼ਿਕਰ ਕੀਤਾ ਜਿਨ੍ਹਾਂ ਵਿਚੋਂ ਇਕ 'ਮੀਰੀ' ਅਤੇ ਦੂਜੀ 'ਪੀਰੀ' ਨਾਲ ਸੰਬੰਧ ਰੱਖਦੀ ਸੀ। ਇਨ੍ਹਾਂ ਹਜੂਰੀ ਢਾਡੀਆਂ ਅਨੁਸਾਰ ਗੁਰੂ ਜੀ ਦਾ ਬਾਹੂ ਬਲ 'ਕੋਟ ਗੜ੍ਹ' ਦੇ ਸਮਾਨ ਸੀ ਅਤੇ ਪੱਗ ਦੀ ਸ਼ੋਭਾ ਹਿੰਦੁਸਤਾਨ ਦੇ ਬਾਦਸ਼ਾਹ ਜਹਾਂਗੀਰ ਦੀ ਪੱਗ ਤੋਂ ਵੀ ਵੱਧ ਸ਼ਾਨ ਸ਼ੌਕਤ ਰੱਖਦੀ ਸੀ । ਮੀਰੀ ਦੀ ਤਲਵਾਰ ਅਤੇ ਸ਼ਾਹੀ ਠਾਠ ਵਾਲੀ ਪੱਗ ਨੇ ਆਪ ਨੂੰ ਹਕੂਮਤ ਦੇ ਟਾਕਰੇ ਤੇ ਲਿਆ ਖੜ੍ਹਾ ਕੀਤਾ ਅਤੇ ਪੀਰੀ ਦੀ ਤਲਵਾਰ ਸ਼ਬਦ ਦੀ ਟੇਕ ਦੁਆਰਾ ਅਜ਼ਮਤ ਭਰਪੂਰ ਬਣ ਗਈ, ਕਿਉਂਕਿ :-

ਸ੍ਰੀ ਗੁਰੂ ਤਖਤ ਬਿਰਾਜੇ ਪ੍ਰਭੂ ਧਿਆਇਕੇ ।

(ਅਬਦੁੱਲਾ ਢਾਡੀ)

ਭਾਈ ਗੁਰਦਾਸ ਜੀ ਨੇ ਆਪ ਦੇ ਪ੍ਰਭੂ ਸਰੂਪ ਹੋਣ ਦਾ ਵਰਣਨ ਬੜੇ ਸੁੰਦਰ ਸ਼ਬਦਾਂ ਵਿੱਚ ਕੀਤਾ ਹੈ :

**ਗੋਸਟਿ ਗਿਆਨ ਅਗੋਚਰਾ**
**ਬੁਧਿ ਬਲ ਬਚਨ ਬਿਬੇਕ ਨ ਛੰਦਾ।**
**ਗੁਰ ਗੋਵਿੰਦੁ ਗੋਵਿੰਦੁ ਗੁਰ**
**ਹਰਿਗੋਵਿੰਦੁ ਸਦਾ ਵਿਗਸੰਦਾ।**
**ਅਚਰਜ ਨੋ ਅਚਰਜ ਮਿਲੈ**
**ਵਿਸਮਾਦੈ ਵਿਸਮਾਦ ਮਿਲੰਦਾ।**

(ਵਾਰ - ੨੪, ਪਉੜੀ - ੨੧)

ਇਸਦੇ ਨਾਲ ਹੀ ਦੂਜੇ ਪੱਖ ਵੱਲ ਵੀ ਸੰਕੇਤ ਹੈ :-

**ਗੁਰਮੁਖਿ ਮਾਰਗਿ ਚਲਣਾ**
**ਖੰਡੇ ਧਾਰ ਕਾਰ ਨਿਬਹੰਦਾ।**
**ਗੁਰ ਸਿਖਿ ਲੈ. ਗੁਰਸਿਖੁ ਚਲੰਦਾ।**

(ਵਾਰ - ੨੪, ਪਾਉੜੀ - ੨੧)

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਸਖਸ਼ੀਅਤ ਵਿਚ ਅਨੋਖੀ ਖਿੱਚ ਸੀ। ਸ਼ਕਤੀ ਅਤੇ ਭਗਤੀ ਦਾ ਪ੍ਰਤੱਖ ਸੁਮੇਲ ਦ੍ਰਿਸਟੀ ਗੋਚਰ ਹੁੰਦਾ ਸੀ। ਸਿੱਖੀ ਨਿਤਾਣਿਆਂ ਦਾ ਤਾਣ, ਨਿਮਾਣਿਆਂ ਦਾ ਮਾਣ, ਨਿਆਸਰਿਆਂ ਦਾ ਆਸਰਾ ਅਤੇ ਨਿਗਤਿਆਂ ਦੀ ਗਤ ਦਾ ਦਰਜਾ ਪਹਿਲਾਂ ਹੀ ਪ੍ਰਾਪਤ ਕਰ ਚੁੱਕੀ ਸੀ। ਇਸ ਨੇ ਆਰੰਭ ਤੋਂ ਹੀ ਨਿਰਬਲ ਤੇ ਕਮਜ਼ੋਰ ਹੋ ਚੁੱਕੇ ਲੋਕਾਂ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਸੀ। ਜ਼ੁਲਮ ਤੇ ਅਨਿਆਇ ਦਾ ਸ਼ਿਕਾਰ ਹੋਣ ਵਾਲੇ ਵਿਅਕਤੀ ਸਿੱਖੀ ਦੀ ਸਰਨ ਆ ਕੇ ਹੀ ਰਾਹਤ ਮਹਿਸੂਸ ਕਰਦੇ ਸਨ ਕਿਉਂਕਿ ਸਿੱਖੀ ਨੇ ਹੀ ਹਰ ਪ੍ਰਕਾਰ ਦੀ ਸਮਾਜਕ, ਆਰਥਿਕ, ਧਾਰਮਿਕ ਅਤੇ ਰਾਜਸੀ ਸੱਤਾ ਨੂੰ ਹਲੂਣਿਆ ਤੇ ਵੰਗਾਰਿਆ ਸੀ। ਜੀਵਨ ਦੇ ਹਰ ਖੇਤਰ ਵਿੱਚ ਮੀਰ ਅਤੇ ਪੀਰ ਦੋਵੇਂ ਹੀ ਜਨ ਸਾਧਾਰਣ ਨੂੰ ਆਪਣੀ ਜਕੜ ਵਿਚ ਰਖਦੇ ਸਨ, ਇਸ ਲਈ ਲੋਕ ਹਿੱਤ ਵਿੱਚ ਇਹਨਾਂ ਦੋਹਾਂ ਨੂੰ ਕਰੜੇ ਹੱਥੀਂ ਲੈਣ ਦੀ ਲੋੜ ਸੀ। ਇਕ ਪਾਸੇ ਇਸਲਾਮੀ ਰਾਜ ਸੱਤਾ ਦੇ ਥੰਮ੍ਹ ਕਾਜ਼ੀ ਸਨ ਜੋ ਇਸਲਾਮੀ ਸ਼ਰ੍ਹਾ ਦੇ ਨਾਮ ਹੇਠ ਬਹੁਤ ਵਧੀਕੀਆਂ ਕਰਵਾ ਰਹੇ ਸਨ। ਦੂਜੇ ਪਾਸੇ ਬ੍ਰਾਹਮਣ ਅਤੇ ਜੋਗੀ ਸਨ ਜੋ ਹਿੰਦੂ ਸਮਾਜ ਦੇ ਆਧਾਰ ਤੇ ਸਹਾਰ ਸ਼ਿਲ੍ਹਾ ਬਣ ਕੇ ਇਸ ਸਮਾਜ ਦੇ ਸਰਵਪੱਖੀ ਜੀਵਨ ਨੂੰ ਗੰਧਲਾ ਬਣਾ ਆਪਣਾ ਹਲਵਾ ਮੰਡਾ ਤਿਆਰ ਰੱਖਣ ਲਈ ਪਾਖੰਡੀ ਤੇ ਅਨਿਆਈ ਬਣ ਚੁੱਕੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਤਿੰਨਾਂ ਸ਼੍ਰੇਣੀਆਂ ਨੂੰ ਤਕੜਾ ਹਲੂਣਾ ਦਿੱਤਾ ਸੀ:

**ਕਾਦੀ ਕੂੜੁ ਬੋਲਿ ਮਲੁ ਖਾਇ।।**
**ਬ੍ਰਾਹਮਣੁ ਨਾਵੈ ਜੀਆ ਘਾਇ।।**
**ਜੋਗੀ ਜੁਗਤਿ ਨ ਜਾਣੈ ਅੰਧੁ।।**
**ਤੀਨੇ ਓਜਾੜੇ ਕਾ ਬੰਧੁ।।**

(ਧਨਾਸਰੀ ਮਹਲਾ ੧, ਪੰਨਾ ੬੬੨)

ਸਤਾ ਵਿਹੂਣੀ ਪੀਰੀ ਆਮ ਤੌਰ ਤੇ ਸ਼ਕਤੀਵਰ ਮੀਰੀ ਦੇ ਅਧੀਨ ਹੋ ਕੇ ਚਲਣਾ ਸ਼ੁਰੂ ਕਰ ਦੇਂਦੀ ਹੈ। ਪ੍ਰਥਮ ਗੁਰੂ ਜੀ ਦੇ ਸਮੇਂ ਲੋਧੀਆਂ ਦਾ ਰਾਜ ਸੀ। ਵੱਡੇ ਹਾਕਮਾਂ ਦਾ ਤਾਂ ਇਹ ਹਾਲ ਸੀ:

**ਸਾਹਾਂ ਸੁਰਤਿ ਗਵਾਈਆ ਰੰਗ ਤਮਾਸੈ ਚਾਇ।**

ਪਰ ਵਿਚ ਵਿਚ ਰਾਏ ਬੁਲਾਰ ਅਤੇ ਦੌਲਤ ਖਾਂ ਵਰਗੇ ਵੀ ਸਨ ਜੋ ਇਨਸਾਫ਼ ਪਸੰਦ, ਸੱਚ ਦੀ ਕਦਰ ਕਰਨ ਵਾਲੇ ਅਤੇ ਦੈਵੀ ਪੁਰਖਾਂ ਲਈ ਸ਼ਰਧਾ ਭਾਵਨਾ ਰੱਖਦੇ ਸਨ। ਪਰੰਤੂ ਸਮੁੱਚੇ ਤੌਰ ਤੇ ਹਾਲਤ ਬਹੁਤ ਮਾੜੀ ਸੀ। ਮਲਕ ਭਾਗੋ ਵਰਗੇ ਹਕੂਮਤ ਦੇ ਨਸ਼ੇ ਵਿਚ ਅਤੇ ਸੱਜਣ ਠੱਗ ਵਰਗੇ ਭੇਖੀ ਸਾਧੂ, ਜਨ ਸਾਧਾਰਣ ਦਾ ਆਪੋ ਆਪਣੀ ਵਿਧੀ ਅਨੁਸਾਰ ਲਹੂ ਚੂਸ ਰਹੇ ਸਨ। ਇਹੋ ਜਿਹੇ ਤਾਂ ਗੁਰੂ ਨਾਨਕ ਦੀ ਸਿਖਿਆ ਅਤੇ ਕਿਰਪਾ ਦ੍ਰਿਸ਼ਟੀ ਦਾ ਕੇਂਦਰ ਬਿੰਦੂ ਬਣੇ।

ਅਸਲੀ ਟੱਕਰ ਬਾਬਰ ਵਰਗੇ ਧਾੜਵੀਆਂ ਨਾਲ ਸ਼ੁਰੂ ਹੋਈ ਜੋ ਰਾਜਾ ਤੇ ਪਰਜਾ ਦੋਹਾਂ ਉੱਤੇ ਜ਼ੁਲਮ ਢਾਹੁੰਦੇ ਰਹੇ ਅਤੇ ਅੰਤ ਰਾਜ ਸੱਤਾ ਤੇ ਕਾਬਜ਼ ਹੋਏ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਆਪਣੇ ਸ਼ਬਦ ਤੀਰਾਂ ਨਾਲ ਘਾਇਲ ਕਰ ਦਿੱਤਾ। ਬਾਬਰ ਨੂੰ ਜਮ ਆਖਿਆ, ਸਕਤਾ ਸੀਂਹ ਦਾ ਰੁਤਬਾ ਦਿਤਾ ਜੋ ਨਿਹੱਥੇ ਵੱਗ ਉੱਤੇ ਟੁੱਟ ਪਿਆ ਸੀ। ਵੱਗ ਦੇ


www.AKJ.Org

ਖ਼ਸਮ ਨੂੰ ਵੀ ਉਲਾਮਾ ਦਿੱਤਾ ਗਿਆ। ਬਾਦਸ਼ਾਹੀ ਪ੍ਰਾਪਤ ਕਰਨ ਵਾਲੇ ਹਮਲਾਵਰਾਂ ਨਾਲ ਠੰਢੀ ਜੰਗ ਸ਼ੁਰੂ ਹੋ ਗਈ ਜੋ ਸਮੇਂ ਸਮੇਂ ਗਰਮ ਹੋ ਚੰਗਿਆੜੀਆਂ ਵੀ ਵਰ੍ਹਾਉਣ ਲੱਗ ਪੈਂਦੀ। ਗੁਰੂ ਨਾਨਕ ਦੇਵ ਜੀ ਆਪ ਜੇਲ੍ਹ ਵਿਚ ਗਏ, ਚੱਕੀਆਂ ਪੀਸੀਆਂ ਪਰ ਨਾਲ ਹੀ ਹੋਰ ਕੈਦੀਆਂ ਦਾ ਆਸਰਾ ਵੀ ਬਣੇ। ਬਾਬਰ ਦੀ ਆਤਮਾ ਨੂੰ ਵੀ ਉਨ੍ਹਾਂ ਨੇ ਝੰਜੋੜ ਕੇ ਰੱਖ ਦਿੱਤਾ। ਮੀਰ ਦੀ ਮੀਰੀ ਅਤੇ ਪੀਰ ਦੀ ਪੀਰੀ ਨੂੰ ਖਿੱਚ ਲੈਣ ਦਾ ਕਾਰਜ ਆਰੰਭ ਹੋ ਗਿਆ। ਇਹ ਕਾਰਜ ਵਿਧੀ ਬਦਲਦੀ ਆਈ, ਕਦੇ ਸ਼ਖ਼ਤੀ ਅਤੇ ਕਦੇ ਨਰਮੀ ਦੇ ਰੂਪ ਵਿਚ ਕ੍ਰਿਆਸ਼ੀਲ ਹੁੰਦੀ ਰਹੀ। ਬਾਬੇ ਕਿਆਂ ਅਤੇ ਬਾਬਰ ਕਿਆਂ ਵਿੱਚ ਟਕਰਾਅ ਚੱਲਦਾ ਰਿਹਾ। ਗੁਰੂ ਅੰਗਦ ਦੇਵ ਜੀ ਨੇ ਹਮਾਯੂੰ ਨੂੰ ਉਸਦੀ ਨਾਕਾਬਲੀਅਤ ਦਾ ਅਹਿਸਾਸ ਕਰਾਇਆ। ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਲਈ ਆਏ ਅਕਬਰ ਬਾਦਸ਼ਾਹ ਨੂੰ ਅਸੂਲ ਦੀ ਪਾਲਨਾ ਲਈ ਪੰਗਤ ਵਿਚ ਬੈਠ ਕੇ ਲੰਗਰ ਛਕਣਾ ਪਿਆ। ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਵੀ ਬਾਦਸ਼ਾਹ ਅਕਬਰ ਸ਼ਰਧਾਲੂ ਦੇ ਰੂਪ ਵਿਚ ਆਇਆ ਅਤੇ ਗੁਰੂ ਘਰ ਦੇ ਅਸਚਰਜ ਕੌਤਕ ਵੇਖ ਕੇ ਸੀਸ ਝੁਕਾ, ਨਮਸਕਾਰ ਕਰਕੇ ਵਾਪਸ ਗਿਆ।

ਪੰਚਮ ਪਾਤਸ਼ਾਹ ਵੇਲੇ ਜਹਾਂਗੀਰ ਦੀ ਕੱਟੜਤਾ ਨੇ ਹਾਲਾਤ ਗੰਭੀਰ ਬਣਾ ਦਿੱਤੇ ਸਨ। ਘਰ ਦੇ ਵਿਰੋਧੀ ਅਤੇ ਦੋਖੀ ਵੀ ਉਸ ਦੇ ਸਹਾਇਕ ਬਣੇ। ਸਿੱਟਾ ਗੁਰੂ ਜੀ ਦੀ ਸ਼ਹਾਦਤ ਦੇ ਰੂਪ ਵਿਚ ਸਾਹਮਣੇ ਆਇਆ। ਉਪਰੰਤ ਗੁਰੂ ਹਰਗੋਬਿੰਦ ਸਾਹਿਬ **'ਛਠਮੁ ਪੀਰੁ ਬੈਠਾ ਗੁਰੁ ਭਾਰੀ'** 'ਪਿਤਾ ਗੁਰੂ ਵਲੋਂ ਪਹਿਲਾਂ ਹੀ ਭਵਿੱਖ ਬਾਰੇ ਚੇਤਾਵਨੀ ਕਰਵਾਈ ਜਾ ਚੁੱਕੀ ਸੀ। ਸ਼ਾਸ਼ਤਰ ਵਿਦਿਆ ਦੇ ਨਾਲ ਨਾਲ ਸ਼ਸ਼ਤਰ ਵਿਦਿਆ ਵਿਚ ਵੀ ਪ੍ਰਬੀਣ ਕਰਾਇਆ ਗਿਆ ਸੀ। ਸ਼ਹਾਦਤ ਤੋਂ ਪਹਿਲਾਂ ਗੁਰਿਆਈ ਬਖ਼ਸ਼ਦਿਆਂ ਹੋਇਆਂ ਗੁਰੂ ਅਰਜਨ ਦੇਵ ਜੀ ਨੇ ਸ਼ਸ਼ਤਰਾਂ ਦੀ ਲੋੜ, ਸੈਨਾ ਦੀ ਸਥਾਪਨਾ ਅਤੇ ਯੁੱਧ-ਮਾਰਗ ਨੂੰ ਅਪਨਾਉਣ ਵਾਲੇ ਪੂਰੇ ਸੰਕੇਤ, ਸੰਕੇਤ ਹੀ ਨਹੀਂ ਉਪਦੇਸ਼ ਦੇ ਦਿਤੇ ਸਨ। ਛੇਵੇਂ ਪਾਤਸ਼ਾਹ ਨੂੰ ਆਖਿਆ ਗਿਆ ਸੀ ਕਿ ਭਵਿੱਖ ਵਿਚ ਸਖ਼ਤ ਇਮਤਿਹਾਨ ਦੀ ਘੜੀ ਆਉਣ ਵਾਲੀ ਹੈ ਇਸ ਲਈ ਬਾਹੂ-ਬਲ ਦੀ ਵਰਤੋਂ ਲਈ ਤਿਆਰ ਰਹਿਣਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਸਤਿਗੁਰੂ ਪ੍ਰੇਮ ਅਤੇ ਵਾਹਿਗੁਰੂ ਪ੍ਰੇਮ ਜਾਂ ਇਸ ਤਰ੍ਹਾਂ ਕਹਿ ਲਉ ਕਿ ਸਤਿਗੁਰ ਪਾਰਬ੍ਰਹਮ ਪਰਮੇਸ਼ਰ ਦੇ ਪ੍ਰੇਮ ਦਾ ਵਰਣਨ ਕਰਦਿਆਂ ਹੋਇਆ ਖਾਲਕ ਦੀ ਖ਼ਲਕਤ ਵਾਸਤੇ ਕੁਰਬਾਨੀਆਂ ਕਰਨ ਲਈ ਸਿੱਖ ਨੂੰ ਪੂਰੀ ਤਰ੍ਹਾਂ ਮਾਨਸਿਕ ਅਤੇ ਆਤਮਿਕ ਪੱਖੋਂ ਤਿਆਰ ਕਰ ਦਿੱਤਾ ਸੀ :

**ਜਉ ਤਉ ਪ੍ਰੇਮ ਖੇਲਨ ਕਾ ਚਾਉ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥**
**ਸਿਰੁ ਦੀਜੈ ਕਾਣਿ ਨ ਕੀਜੈ॥**

(ਸਲੋਕ ਵਾਰਾਂ ਤੇ ਵਧੀਕ, ਪੰਨਾ ੧੪੧੨)

ਇਹ ਸਿਧਾਂਤ ਸਿੱਖਾਂ ਦੇ ਮਨਾਂ ਵਿੱਚ ਵੱਸ ਰਿਹਾ ਸੀ ਅਤੇ ਸਿੱਖ ਸਿੱਖੀ ਨੂੰ **'ਖੰਡੇਧਾਰ ਗਲੀ ਅਤਿ ਭੀੜੀ'** ਅਨੁਭਵ ਕਰਨ ਲੱਗ ਪਏ ਸਨ। ਸਮਾਂ ਪਾ ਕੇ ਇਹ ਸਿਧਾਂਤ ਕ੍ਰਿਆ ਸ਼ੀਲਤਾ ਵਿਚ ਆਇਆ।

**ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਓ॥**
**ਖੇਤੁ ਜੁ ਮਾਂਡਿਓ ਸੂਰਮਾ, ਅਬ ਜੂਝਨ ਕੋ ਦਾਉ॥**
**ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤ॥**
**ਪੁਰਜਾ ਪੁਰਜਾ ਕਟਿ ਮਰੈ, ਕਬਹੂ ਨ ਛਾਡੈ ਖੇਤੁ॥**

(ਸਲੋਕ ਕਬੀਰ, ਪੰਨਾ ੧੧੦੫)

ਸ਼ਹੀਦਾਂ ਦੇ ਸਿਰਤਾਜ ਅਤੇ ਸ਼ਾਂਤੀ ਦੇ ਪੁੰਜ ਗੁਰੂ ਅਰਜਨ ਦੇਵ ਜੀ ਦਾ ਉਪਦੇਸ਼ ਸੀ :

**ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸ।**
**ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸਿ॥**

(ਪੰਨਾ ੧੧੦੨)

ਇਸੇ ਆਦਰਸ਼ ਦੀ ਪੂਰਤੀ ਲਈ ਮੀਰੀ ਦੀ ਤਲਵਾਰ ਨੇ ਜਨਮ ਲਿਆ। ਪਰ ਨਾਲ ਹੀ :

**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ,**
**ਸੋ ਕਹੀਅਤ ਹੈ ਸੂਰਾ॥**

(ਧਨਾਸਰੀ ਮਹਲਾ ੫, ਪੰਨਾ ੬੭੯-੮੦)

ਦੇ ਆਦਰਸ਼ ਨੂੰ ਵੀ ਫਿਕਾ ਨਹੀਂ ਸੀ ਪੈਣ ਦਿੱਤਾ ਗਿਆ। ਨਾਮ ਦੇ ਖੰਡੇ ਨਾਮ ਦੇ ਖੜਗ ਸੰਜੋਅ ਵਿਚੋਂ ਹੀ ਪੀਰੀ ਦੀ ਤਲਵਾਰ ਸਾਖਿਆਤ ਹੋਈ। ਦੋਹਾਂ ਤਲਵਾਰਾਂ ਦੇ ਕਰਤਬ ਪੂਰੇ ਕਰਨ ਲਈ ਆਪਨੇ ਪੂਰੀ ਤਰ੍ਹਾਂ ਸਾਵਧਾਨ ਰਹਿ ਕੇ ਸਿੱਖਾਂ ਵਿੱਚ ਭਗਤੀ ਤੇ ਸ਼ਕਤੀ ਨੂੰ ਸੁਰਜੀਤ ਰੱਖਿਆ। ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਯੁੱਧ ਸਮੇਂ ਜੇ ਮੀਰੀ ਦੀ ਤਲਵਾਰ ਸ਼ਹੀਦ ਹੋ ਜਾਂਦੀ ਹੈ ਤਾਂ ਆਪ ਕਦੇ ਪੀਰੀ ਦੀ ਤਲਵਾਰ ਨੂੰ ਹੱਥ ਵਿਚ ਨਾ ਲੈਂਦੇ। ਢਾਲ ਅਤੇ ਹੋਰ ਸ਼ਸ਼ਤਰਾਂ ਦੀ ਵਰਤੋਂ ਸ਼ੁਰੂ ਹੋ ਜਾਂਦੀ। ਅਦੁੱਤੀ ਬਾਹੂ ਬਲ ਦੇ ਮਾਲਕ ਹੋਣ ਕਰਕੇ, ਨੇੜੇ ਆਏ ਵੈਰੀ ਆਪਣੇ ਹੱਥਾਂ ਨਾਲ ਫੜਕੇ ਭੋਂਇ ਤੇ ਪਟਕਾ ਮਾਰਦੇ।

ਆਦਰਸ਼ ਪੂਰਤੀ ਲਈ ਛੇਵੇਂ ਪਾਤਸ਼ਾਹ ਨੇ ਗੁਰਗੱਦੀ ਉੱਤੇ ਸੁਸ਼ੋਭਿਤ ਹੁੰਦਿਆਂ ਹੀ ਸਿੱਖਾਂ ਨੂੰ ਹੁਕਮ ਕਰ ਭੇਜੇ ਸਨ ਕਿ ਗੁਰੂ ਘਰ ਦੀ ਭੇਟ ਘੋੜੇ, ਸ਼ਸ਼ਤਰ, ਤੀਰ, ਕਮਾਨ ਅਤੇ ਹੋਰ ਜੰਗੀ ਸਮਾਨ ਹੀ ਲਿਆਂਦਾ ਜਾਵੇ। ਇਸ ਤਰ੍ਹਾਂ ਕਰਨ ਨਾਲ ਸਿੱਖ ਦੀ ਪ੍ਰਮੁੱਖ ਤਾਂਘ ਸੀਸ ਭੇਟ ਕਰਨ ਲਈ ਤਿਆਰ ਰਹਿਣਾ ਸੀ ਅਤੇ ਸਿੱਖ ਦੀ ਸ਼ਰਧਾ ਭਾਵਨਾ


www.AKJ.Org

ਨਿਰਭੈਤਾ ਅਤੇ ਨਿਰਵੈਰਤਾ ਅਧਾਰਿਤ ਬਾਹੂ-ਬਲ ਦੀ ਵਰਤੋਂ ਕਰਨ ਵਿੱਚ ਪ੍ਰਗਟ ਹੋਣ ਲੱਗ ਪਈ। ਹਕੂਮਤ ਨਾਲ ਚਾਰ ਜੰਗ ਲੜੇ ਅਤੇ ਸਾਰਿਆਂ ਵਿਚ ਜਿੱਤ ਪ੍ਰਾਪਤ ਕੀਤੀ। ਸਿੱਖਾਂ ਦੇ ਨਾਲ ਨਾਲ ਆਪਣੇ ਆਪਣੇ ਸਾਹਿਬਜ਼ਾਦਿਆਂ ਨੂੰ ਵੀ ਯੁੱਧ ਦੇ ਕਰਤੱਵ ਨਿਭਾਉਣ ਲਈ ਪੂਰੀ ਸਿਖਲਾਈ ਦਿੱਤੀ। ਪੰਜਵੇਂ ਤੇ ਸਭ ਤੋਂ ਛੋਟੇ ਸਾਹਿਬਜ਼ਾਦੇ ਤਿਆਗ ਮੱਲ ਵੀ ਤੇਗ ਦੇ ਜੌਹਰ ਵਿਖਾ ਕੇ ਤੇਗ ਬਹਾਦਰ ਬਣੇ।

ਨਾਮ ਰਸ ਰੱਤੇ ਅਤੇ ਸ਼ਾਂਤ ਚਿੱਤ ਹੋਣ ਦੇ ਨਾਲ ਨਾਲ ਆਪ ਚੜ੍ਹਦੀ ਕਲਾ ਦਾ ਪ੍ਰਤੱਖ ਨਮੂਨਾ ਸਨ। ਬੱਚੀ ਦੀ ਸ਼ਾਦੀ ਅਤੇ ਭਿਆਨਕ ਜੰਗ ਦੋਵੇਂ ਕਾਰਜ ਇਕੱਠੇ ਹੀ ਨਿਭਾਏ ਪਰ ਮੁੱਖ ਦਾ ਖੇੜਾ ਸਭ ਨੂੰ ਅਚੰਭਿਤ ਕਰ ਰਿਹਾ ਸੀ। ਆਪਣੇ ਆਪ ਕਦੇ ਜੰਗ ਸਹੇੜੀ ਨਾ, ਪਰ ਜੇ ਵਿਰੋਧੀ ਧਿਰ ਲੜਨ ਵਾਸਤੇ ਤਿਆਰ ਹੋ ਹੀ ਗਈ ਤਾਂ ਰਣ ਤੱਤੇ ਵਿੱਚ ਜੂਝਣ ਤੋਂ ਕਦੇ ਵੀ ਸੰਕੋਚ ਨਾ ਕੀਤਾ।

ਚੜ੍ਹਦੀ ਕਲਾ ਵਾਲੀ ਸੂਰਬੀਰਤਾ, ਜੋ ਹਥਿਆਰਬੰਦ ਟੱਕਰ ਆਰੰਭ ਹੋ ਹੀ ਗਈ ਤਾਂ ਮੁਗਲ ਹਕੂਮਤ ਦੇ ਟਾਕਰੇ ਤੇ ਤਖ਼ਤ ਦੀ ਸਿਰਜਨਾ ਵੀ ਕਰ ਵਿਖਾਈ। ਤਖ਼ਤ ਵੀ ਆਪਣਾ ਨਹੀਂ, ਅਕਾਲ ਦਾ ਬਣਾਇਆ। ਭਾੜੇ ਦੇ ਮਜ਼ਦੂਰ ਤੇ ਕਾਰੀਗਰ ਨਹੀਂ ਮੰਗਵਾਏ। ਭਗਤੀ ਤੇ ਸ਼ਕਤੀ ਦੇ ਹੱਥਾਂ ਨਾਲ ਉਸਾਰਿਆ ਗਿਆ।

ਸਿੱਖਾਂ ਨੂੰ ਹਰ ਤਰ੍ਹਾਂ ਦੇ ਬੰਧਨਾਂ ਤੋਂ ਆਜ਼ਾਦ ਕਰਾਉਣਾ ਸੀ। ਕਈ ਤਰ੍ਹਾਂ ਦੇ ਵਹਿਮ ਭਰਮ ਪ੍ਰਚਲਿਤ ਸਨ। ਬਿਨਾਂ ਕੁੱਝ ਆਖਿਆਂ ਅਤੇ ਬਿਨਾਂ ਸਮਝਾਇਆਂ ਤਿੰਨ ਦੇ ਸੰਖਿਆਵਾਦੀ ਬਦਸ਼ਗਨੀ ਸਮਝੇ ਜਾਂਦੇ ਸ਼ਬਦ ਬਾਰੇ ਵਹਿਮ ਨੂੰ ਬਾਹਰ ਕਢਿਆ। 'ਤਿੰਨ' ਨੂੰ ਚੰਗਾ ਨਹੀਂ ਸੀ ਸਮਝਿਆ ਜਾਂਦਾ। ਇਥੋਂ ਤੱਕ ਕਿ ਥਾਲੀ ਵਿੱਚ ਤਿੰਨ ਫੁਲਕੇ ਨਹੀਂ ਸਨ ਪਰੋਸੇ ਜਾਂਦੇ। 'ਤੀਜਾ ਰਲਿਆ ਭੁੱਗਾ ਗਲਿਆ' ਦਾ ਅਖਾਣ ਵੀ ਪ੍ਰਸਿੱਧ ਹੈ। ਮੀਰੀ ਦੀ ਸਥਾਪਨਾ ਲਈ ਬਣਿਆ ਅਕਾਲ ਤਖ਼ਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਤਿੰਨਾਂ ਨੇ ਰਲ ਕੇ ਉਸਾਰਿਆ। ਇੱਥੇ ਹੀ ਸਾਰੇ ਰਾਜਨੀਤਕ ਤੇ ਧਾਰਮਿਕ ਮਸਲੇ ਸੁਲਝਾਏ ਜਾਂਦੇ। ਹੁਕਮਨਾਮੇ ਜਾਰੀ ਹੋਣ ਲੱਗੇ। ਤਖ਼ਤ ਦੇ ਸਾਮ੍ਹਣੇ ਹੀ ਜੰਗੀ ਕਰਤਬ ਸਿਖਾਏ ਜਾਂਦੇ। ਗੁਰੂ ਜੀ ਆਪ ਤਖ਼ਤ ਉਤੇ ਬੈਠ ਕੇ ਨਿਗਰਾਨੀ ਕਰਦੇ।

ਅਕਾਲ ਤਖ਼ਤ ਉਤੇ ਹੀ ਢਾਡੀ ਬੀਰ ਰਸੀ ਵਾਰਾਂ ਗਾਉਣ ਲੱਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀਆ ਧਾਰਮਿਕ ਤੇ ਅਧਿਆਤਮਕ ਵਾਰਾਂ ਦੇ ਗਾਏ ਜਾਣ ਲਈ ਯੋਧਿਆਂ ਦੀਆਂ ਵਾਰਾਂ ਦੀਆਂ ਧੁਨੀਆਂ ਨਿਸ਼ਚਿਤ ਕੀਤੀਆਂ ਗਈਆਂ। ਇਸ ਤਰ੍ਹਾਂ ਸ਼ਾਂਤ ਰਸ ਭਰਪੂਰ ਬਾਣੀ ਵਿੱਚ ਬੀਰ ਰਸ ਲੈ ਆਂਦਾ। ਸ਼ਾਂਤ ਰਸ ਤੇ ਬੀਰ ਰਸ ਦੇ ਸੰਜੋਗ ਨੇ ਅਸਚਰਜ ਸਥਿਤੀ ਉਪਜਾਈ ਦਸ਼ਮੇਸ਼ ਪਿਤਾ ਦਾ ਕਥਨ ਹੈ :

ਧੰਨ ਜੀਓ ਤਿਹ ਕੋ ਜਗ ਮੈ, ਮੁਖ ਤੇ ਹਰਿ,
ਚਿਤਿ ਮੈ ਜੁਧੁ ਬਿਚਾਰੈ।।
ਦੇਹ ਅਨਿੱਤ ਨ ਨਿੱਤ ਰਹੈ, ਜਸੁ ਨਾਵ ਚੜੈ,
ਭਵ ਸਾਗਰ ਤਾਰੈ।।
ਧੀਰਜ ਧਾਮ ਬਨਾਇ ਇਹੈ ਤਨ,
ਬੁਧਿ ਸੁ ਦੀਪਕ ਜਿਉ ਉਜੀਆਰੈ।।
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ,
ਕਾਤਰਤਾ ਕੁਤਵਾਰ ਬੁਹਾਰੈ।। ਸਵੈਯਾ (ਕ੍ਰਿਸ਼ਨਾਵਤਾਰ)

ਇਸ ਆਦਰਸ਼ ਵਿਚ ਛੇਵੇਂ ਪਾਤਸ਼ਾਹ ਸਿੱਖਾਂ ਨੂੰ ਪਰਿਪੱਕ ਕਰ ਰਹੇ ਸਨ। ਗੁਰੂ ਨਾਨਕ ਬਾਣੀ ਵਿਚ ਦੱਸੇ ਸਿਧਾਂਤਾਂ ਉਤੇ ਅਮਲ ਹੋ ਰਿਹਾ ਸੀ ਅਤੇ ਦਸਮੇਸ਼ ਜੀ ਵੱਲੋਂ ਦੱਸੇ ਜਾਣ ਵਾਲੇ ਆਦਰਸ਼ਾਂ ਲਈ ਭੂਮਿਕਾ ਬੰਨ੍ਹੀ ਜਾ ਰਹੀ ਸੀ।

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ
ਪਲਟੀਐ ।। (ਸੱਤਾ ਬਲਵੰਡ)

ਕਿਲ੍ਹਾ ਲੋਹਗੜ੍ਹ ਦੀ ਉਸਾਰੀ ਵੀ ਕਰਵਾਈ ਜਾ ਚੁੱਕੀ ਸੀ। ਇਹ ਕਿਲ੍ਹਾ ਜੰਗ ਦਾ ਕੇਂਦਰ ਵੀ ਬਣਿਆ ਅਤੇ ਜੰਗੀ ਕਰਤਬ ਸਿਖਾਉਣ ਲਈ ਵੀ ਵਰਤਿਆ ਜਾਣ ਲੱਗਾ। ਤਖ਼ਤ ਅਤੇ ਕਿਲ੍ਹਾ ਦੋਵੇਂ ਸਥਾਪਤ ਹੋ ਗਏ। ਤਖ਼ਤ ਉੱਤੇ ਬੈਠੇ ਸੱਚੇ ਪਾਤਸ਼ਾਹ ਨੂੰ ਚਉਰ ਤਖ਼ਤ ਦਾ ਮਾਲਕ ਆਖਿਆ ਜਾਣ ਲੱਗਾ। ਤਖ਼ਤ, ਘੋੜਾ, ਕਲਗੀ, ਗਾਤਰੇ ਤਲਵਾਰਾਂ ਗੱਲ ਕੀ ਮੁਗਲਾਂ ਦੇ ਟਾਕਰੇ ਤੇ ਨਵੀਂ ਬਾਦਸ਼ਾਹੀ ਕਾਇਮ ਹੋ ਗਈ।

ਕਦੇ ਸਿਧਾਂਤਕ ਰੂਪ ਵਿਚ ਆਦਰਸ਼ ਪਹਿਲਾਂ ਪ੍ਰਗਟ ਹੋਏ ਅਤੇ ਅਸਲੀ ਜਾਮਾ ਪਿਛੋਂ ਪਹਿਨਾਇਆ ਗਿਆ। ਕਿਧਰੇ ਅਮਲ ਪਹਿਲਾਂ ਹੋਇਆ ਅਤੇ ਅਮਲਾਂ ਦੇ ਵਿਚੋਂ ਆਦਰਸ਼ਾਂ ਦੀ ਸਥਾਪਨਾ ਪਿਛੋਂ ਹੋਈ। ਤਲਵਾਰਾਂ ਪਹਿਲਾਂ ਬੱਧੀਆਂ, ਸੈਨਾ ਤਿਆਰ ਹੋ ਗਈ, ਜੰਗੀ ਕੌਤਕ ਹੋਂਦ ਵਿਚ ਆਏ। ਹਥਿਆਰਬੰਦ ਟੱਕਰ ਆਰੰਭ ਹੋ ਚੁੱਕੀ ਸੀ। ਦ੍ਰਿੜ ਇਰਾਦੇ ਵਾਲੇ ਛੇਵੇਂ ਗੁਰੂ ਸ਼ਸਤ੍ਰ ਵਿਦਿਆ ਵਿਚ ਨਿਪੁੰਨ, ਜ਼ੁਲਮ ਦਾ ਵਿਰੋਧ ਕਰਨ ਵਾਲੇ ਨਿਰਭੈ ਯੋਧੇ, ਪਰ ਕੋਮਲਤਾ, ਨਿਮ੍ਰਤਾ, ਦਇਆ ਅਤੇ ਕਰੁਣਾ ਦੀ ਮੂਰਤ, ਪ੍ਰੇਮ ਖਿੱਚ ਦੀਆਂ ਤਾਰਾਂ ਵਿਚ ਬਝੇ ਹੋਏ ਅਤੇ ਲਿਵ ਵਾਲੇ ਪ੍ਰੇਮ ਦੀ ਭੁੱਖ ਤ੍ਰਿਪਤ ਕਰਨ ਵਾਲੇ ਸਨ। ਗੁਰੂ ਨਾਨਕ ਦੀ ਅਜ਼ਮਤ ਵੇਖ ਕੇ ਨਵਾਬ ਦੌਲਤ ਖਾਂ ਝੁਕ ਗਿਆ ਸੀ। ਗੁਰੂ ਹਰਿਗੋਬਿੰਦ ਜੀ ਦੇ ਪ੍ਰਭਾਵ ਨਾਲ ਗਵਾਲੀਅਰ ਦੇ ਕਿਲੇ ਵਿਚੋਂ ਬੰਦੀ



www.AKJ.Org

ਰਾਜੇ ਵੀ ਆਜ਼ਾਦ ਕਰ ਦਿੱਤੇ ਗਏ ਸਨ। ਜਿਸ ਕਿਲੇ ਵਿਚੋਂ ਸ਼ਾਇਦ ਹੀ ਕਦੇ ਕੋਈ ਬਾਹਰ ਆਇਆ ਹੋਵੇ ਉਥੋਂ ੫੨ ਰਾਜੇ ਆਪਜੀ ਦੇ ਚੋਲੇ ਦੀਆਂ ਕਲੀਆਂ ਫੜਕੇ ਰਿਹਾ ਹੋਏ। ਇਥੇ ਹੀ ਆਪ ਦਾ ਨਾਮ 'ਬੰਧੀ ਛੋੜ ਦਾਤਾ' ਪ੍ਰਸਿੱਧ ਹੋਇਆ। ਦਇਆ ਅਤੇ ਪਰਉਪਕਾਰ ਦੀ ਮੂਰਤ ਗੁਰੂ ਜੀ ਦੀ ਯਾਦ ਵਿਚ ਕਾਲ ਕੋਠੜੀਆਂ ਵਾਲੇ ਉਸ ਕਿਲ੍ਹੇ ਵਾਲੇ ਸਥਾਨ ਉੱਤੇ ਸੁਸ਼ੋਭਿਤ ਗੁਰਦੁਆਰਾ ਅੱਜ ਵੀ ਇਸ ਘਟਨਾ ਦੀ ਯਾਦ ਤਾਜ਼ਾ ਕਰ ਰਿਹਾ ਹੈ। ਇਸੇ ਲਈ ਭਾਈ ਗੁਰਦਾਸ ਜੀ ਨੇ ਆਪ ਬਾਰੇ ਲਿਖਿਆ :-

**ਦਲ ਭੰਜਨ ਗੁਰੁ ਸੂਰਮਾ, ਵਡ ਯੋਧਾ ਬਹੁ ਪਰਉਪਕਾਰੀ।।**

ਪੀਰੀ ਦੇ ਖ਼ੇਤਰ ਵਿਚ ਵੀ ਆਪ ਪਰਿਪੱਕ ਸਨ। ਹਰਿ ਰੰਗ ਸਦਾ ਚੜ੍ਹਿਆ ਰਹੇ। ਜੰਗ ਵਿਚ ਵੀ ਮੁਖੜਾ ਖੇੜੇ ਭਰਪੂਰ ਹੁੰਦਾ ਸੀ। ਹੋਵੇ ਵੀ ਕਿਉਂ ਨਾ? ਅੰਦਰ 'ਉਹ' ਵਸ ਜਾਵੇ ਤਾਂ ਸਭ ਪਾਸੇ ' ਉਹ' ਹੀ 'ਉਹ', 'ਤੂੰ' ਹੀ 'ਤੂੰ' ਜਿਸ ਦੇ ਅਸਰ ਨਾਲ ਖੇੜਾ ਹੀ ਖੇੜਾ, ਹੋਰ ਕੁੱਝ ਰਹਿੰਦਾ ਹੀ ਨਹੀਂ।

'ਅੰਤਰ ਜਾਮੀ ਸਭ ਬਿਧਿ ਜਾਣੈ।' ਆਪ ਨੇ ਸ੍ਰੀ ਹਰਿ ਰਾਏ ਜੀ ਦੇ ਜਨਮ ਤੋਂ ਹੀ ਉਸ ਨੂੰ ' ਵੱਡੀ ਵਸਤ' ਦਾ ਗਾਹਕ ਅਨੁਭਵ ਕਰ ਲਿਆ ਸੀ। ਐਨ ਉਸੇ ਤਰ੍ਹਾਂ ਜਿਵੇਂ ਭਾਈ ਲਹਿਣਾ ਜੀ ਵਿਚੋਂ ਲਹਿਣੇਦਾਰ ਦਾ ਰੂਪ ਪ੍ਰਗਟ ਹੋਇਆ ਸੀ। ਭਾਈ ਲਹਿਣਾ ਜੀ ਗੁਰੂ ਨਾਨਕ ਵਿਦਿਆਲੇ ਵਿਚੋਂ ਸੁਸਿਖਿਅਤ ਹੋ ਕੇ , ਕਠਿਨ ਪਰੀਖਿਆ ਵਿਚੋਂ ਪਾਸ ਹੋਣ ਉਪਰੰਤ ਗੁਰੂ ਅੰਗਦ ਬਣੇ। ਛੇਵੇਂ ਪਾਤਸ਼ਾਹ ਨੇ ਸ੍ਰੀ ਹਰਿ ਰਾਏ ਜੀ ਨੂੰ ਸੰਗਤ ਦੇ ਸਾਸ਼ਤ੍ਰ ਵਿਦਿਆ ਦਿੱਤੀ। ਸਾਰੇ ਜੰਗੀ ਕਰਤਬ ਸਿਖਾਏ, ਬਹੁਤ ਸਮਾਂ ਆਪਣੇ ਨਾਲ ਰੱਖ ਕੇ ਗੁਰਸਿੱਖੀ ਅਤੇ ਗੁਰਿਆਈ ਦੋਹਾਂ ਤਰ੍ਹਾਂ ਦੇ ਫ਼ਰਜ਼ ਨਿਭਾਉਨ ਦੀ ਅਸਲੀ ਸਿਖਲਾਈ ਦਿੱਤੀ। ਸਪਸ਼ਟ ਕੀਤਾ ਕਿ ਮੀਰੀ ਤੇ ਪੀਰੀ ਨੂੰ ਅਲੱਗ ਨਹੀਂ ਕੀਤਾ ਜਾ ਸਕਦਾ। ਆਪ ਨੇ ਪੀਰੀ ਦੇ ਫ਼ਰਜ਼ਾਂ ਨੂੰ ਵੀ ਪੂਰੀ ਦ੍ਰਿੜਤਾ ਨਾਲ ਨਿਭਾਇਆ। ਆਪ ਬਹੁਤ ਕੁੱਝ ਕਰਦੇ ਅਤੇ ਸਿੱਖਾਂ ਕੋਲੋਂ ਵੀ ਬਹੁਤ ਕੁੱਝ ਕਰਵਾਉਂਦੇ। ਵਿਦਿਆ ਪੜ੍ਹਨੀ ਅਤੇ ਪੜ੍ਹਾਉਂਣੀ, ਧਾਰਮਿਕ ਗਰੰਥਾਂ ਦਾ ਅਧਿਐਨ, ਰਾਗ ਵਿਦਿਆ ਦੀ ਸੂਝ, ਕੀਰਤਨ ਵਿੱਚ ਵਿਸ਼ੇਸ਼ ਰੁਚੀ, ਨਾਮ ਬਾਣੀ ਵਿੱਚ ਦ੍ਰਿੜਤਾ, ਸੰਤ ਸਿਪਾਹੀ ਦੀ ਘਾੜਤ ਘੜੀ ਜਾ ਰਹੀ ਸੀ। ਸ੍ਰੀ ਹਰਿ ਰਾਏ ਜੀ ਵਾਸਤੇ ੨੨੦੦ ਜਵਾਨਾਂ ਦੀ ਸੈਨਾ ਤਿਆਰ ਹੋ ਰਹੀ ਸੀ ਅਤੇ ਸਿਖੀ ਵਿਚ ਪਰਿਪੱਕਤਾ ਲਈ ਸੇਵਾ, ਸਿਮਰਨ, ਸਤਿਸੰਗ ਦੀ ਮਹਾਨਤਾ ਵੀ ਦਰਸਾਈ ਜਾ ਰਹੀ ਸੀ। ਗੁਰੂ ਦੀ ਸੰਗਤ ਵਿਚ ਸੰਭਾਵੀ ਗੁਰੂ ਸਿੱਖੀ ਵਿੱਚ ਪਰਵੀਨ ਹੋ ਰਿਹਾ ਸੀ। ਮੀਰੀ ਅਤੇ ਪੀਰੀ, ਸਿੱਖੀ ਅਤੇ ਗੁਰਿਆਈ, ਸੰਤ ਅਤੇ ਸਿਪਾਹੀ ਅਨਿਖੜਾ ਹਨ। ਆਤਮ ਬਲ ਬਿਨਾਂ ਬਾਹੂਬਲ ਫਲੀ ਭੂਤ ਨਹੀਂ ਹੁੰਦਾ। ਵਾਹਿਗੁਰੂ ਦਾ ਪਿਆਰ, ਲੋਕ ਪਿਆਰ ਵਿੱਚੋਂ ਪ੍ਰਗਟ ਹੋਇਆ ਕਰਦਾ ਹੈ। ਹਰਿ ਰੰਗ ਬਿਨਾਂ ਸੂਰਮਾ ਨਹੀਂ, ਪਰਉਪਕਾਰ ਬਿਨਾਂ ਯੋਧਾ ਨਹੀਂ, ਇਹ ਸਾਰੇ ਗੁਣ ਇੱਕ ਸ਼ਖਸ਼ੀਅਤ ਵਿੱਚ ਮੌਜੂਦ ਸਨ। ਇਨ੍ਹਾਂ ਸਾਰੇ ਗੁਣਾਂ ਦੇ ਸੁਮੇਲ ਵਾਲਾ ਹੀ ਖਾਲਸਾ ਬਣਨਾ ਸੀ ਜੋ ਸੰਤ ਸਿਪਾਹੀ ਅਖਵਾਉਂਦਾ ਸੀ। ਗੁਰੂ ਹਰਿ ਗੋਬਿੰਦ ਜੀ ਨੇ ਸਿੱਖੀ ਦੇ ਇਸ ਸਰੂਪ ਨੂੰ ਪਹਿਲਾਂ ਹੀ ਉਘਾੜ ਦਿੱਤਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਪਾਹੁਲ ਨਾਲ ਖ਼ਾਲਸਾ ਸਜਾਇਆ। ਖ਼ਾਲਸੇ ਦੀ ਸਿਰਜਣਾ ਕਰਕੇ ਗੁਰਿਆਈ ਦਾ ਮੁਕਟ ਵੀ ਖ਼ਾਲਸੇ ਦੇ ਸੀਸ ਉੱਤੇ ਸਜਾ ਦਿੱਤਾ। ਸ੍ਰੀ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿੱਚ ਪੰਜ ਪਰਵਾਨ ਖ਼ਾਲਸਾ ਗੁਰੂ ਅਖਵਾਇਆ। ਖੰਡੇ ਵਿੱਚ ਮੀਰੀ ਤੇ ਪੀਰੀ ਦੋਹਾਂ ਨੂੰ ਇਕੱਠਾ ਕਰ ਦਿੱਤਾ ਗਿਆ। ਸੰਤ ਸਿਪਾਹੀ ਖ਼ਾਲਸੇ ਦੇ ਗਾਤਰੇ ਕਿਰਪਾਨ, ਸੀਸ ਕਲਗੀ ਦੀ ਥਾਂ ਦੋ ਧਾਰਾ ਖੰਡਾ ਸ਼ੋਭਾ ਦੇਣ ਲੱਗਾ। ਛੇਵੇਂ ਪਾਤਸ਼ਾਹ ਵੱਲੋਂ ਆਰੰਭਿਆ 'ਸਰਬ ਲੋਹ ਜੀ ਕੀ ਰਛਿਆ' ਵਾਲਾ ਸਿਧਾਂਤ ਦਸਵੇਂ ਪਾਤਸ਼ਾਹ ਵੇਲੇ ਨਿਯਮ ਬੱਧ ਹੋ ਗਿਆ। ਪੰਜਵੇਂ ਪਾਤਸ਼ਾਹ ਤੱਕ ਸ਼ਾਤ ਮਈ ਨੀਤੀ ਰਹੀ, ਫਿਰ ਲੋਹੇ ਦੀ ਖੜਕਾਰ, ਘੋੜਿਆਂ ਦੀ ਘਮਕਾਰ ਅਤੇ ਤੀਰਾਂ ਦੀ ਬੁਛਾੜ ਨਾਲ ਜਾਲਮ ਨੂੰ ਵੰਗਾਰਿਆ ਅਤੇ ਮਜ਼ਲੂਮਾਂ ਨੂੰ ਉਭਾਰਿਆ ਗਿਆ। ਕੌਤਕ ਗੁਰੂ ਦੇ। ਤੇਗ ਦੇ ਧਨੀ ਤੇਗ਼ ਬਹਾਦਰ ਫਿਰ ਸ਼ਾਤ ਰੂਪ। ਸ਼ਾਂਤ ਮਈ ਸ਼ਹਾਦਤ ਦਾ ਦੌਰ ਦਿੱਲੀ ਦੇ ਚਾਂਦਨੀ ਚੌਕ ਵਿੱਚ, ਔਰੰਗੇ ਦੇ ਬਰੂਹਾਂ ਤੇ। ਆਪ ਤੋਂ ਪਹਿਲਾਂ

**ਹਰਿ ਕ੍ਰਿਸ਼ਨ ਭਯੋ ਅਸ਼ਟਮ ਬਲਵੀਰਾ।**
**ਜਿਨ ਪਹੁੰਚ ਦੇਹਲੀ ਤਜਿਓ ਸਰੀਰਾ।**

................................

...............

**ਇਉ ਮੁਗਲਨ ਸੀਸ ਪਰੀ ਬਹੁਛਾਰਾ।**
**ਵੈ ਖ਼ੁਦ ਪਤਿ ਸੋ ਪਹੁੰਚੇ ਦਰਬਾਰਾ।**

ਵਾਰ ਰਾਮਕਲੀ ਪਾਤਸ਼ਾਹੀ ਦਸਵੀਂ ਦੀ -(ਪਾਉੜੀ ੨੨)

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਲ ਗਏ ਸਿੱਖਾਂ ਨੂੰ ਬੜੇ ਜ਼ਾਲਮਾਨਾਂ ਤ੍ਰੀਕੇ ਨਾਲ ਸ਼ਹੀਦ ਕੀਤਾ ਗਿਆ। ਫਿਰ ਗੁਰੂ ਜੀ ਨੇ ਆਪ '**ਠੀਕਰ ਫੋਰਿ ਦਿਲੀਸ ਸਿਰ ਪ੍ਰਭ ਪੁਰ ਕੀਓ ਪਯਾਨ।**' ਸ਼ਕਤੀ ਅਤੇ ਭਗਤੀ ਦੇ ਦੋਵੇਂ ਰੰਗ ਵੇਖਕੇ ਵੀ ਪ ਹਕੂਮਤ ਪੱਥਰ ਹੀ ਰਹੀ। ਦਸਮ ਪਾਤਸ਼ਾਹ ਨੇ ਪੱਥਰ ਨੂੰ ਤੋ ਲਈ ਚਟਾਨ ਦੀ ਸ਼ਕਤੀ ਵਾਲਾ ਖ਼ਾਲਸਾ ਪ੍ਰਗਟ ਕੀਤਾ। ਮ ਤੇ ਪੀਰੀ ਫਿਰ ਮੈਦਾਨ ਵਿੱਚ ਨਿੱਤਰੀ।



www.AKJ.Org

# ਸਿੱਖ ਬੀਬੀਆਂ ਅਤੇ ਵਰਤਮਾਨ ਸਮਾਂ

(ਪ੍ਰੋ: ਪ੍ਰਭਜੋਤ ਕੌਰ)

ਅੰਗਰੇਜ਼ੀ ਦੀ ਇਕ ਕਹਾਵਤ ਹੈ –The hand that rocks the cradle rules the world – ਪੰਘੂੜੇ ਨੂੰ ਝੂਟਾ ਦੇਣ ਵਾਲਾ ਹੱਥ ਹੀ ਦੁਨੀਆਂ ਤੇ ਰਾਜ ਕਰਦਾ ਹੈ, ਭਾਵ ਪੰਘੂੜੇ ਵਿਚ ਪਏ ਛੋਟੇ ਬੱਚੇ ਨੂੰ ਝੂਟਾ ਦੇਣ ਵਾਲੀ ਉਸਦੀ ਜਨਣੀ ਹੀ ਅਸਲ ਵਿਚ ਦੁਨੀਆਂ ਤੇ ਰਾਜ ਕਰਦੀ ਹੈ।

ਦੂਜੇ ਪਾਸੇ ਇਕ ਪ੍ਰਸਿੱਧ ਲੋਕ–ਕਹਾਣੀ ਵਿਚ ਇਕ ਅਜਿਹੀ ਮਾਤਾ ਦਾ ਜ਼ਿਕਰ ਆਇਆ ਹੈ ਜਿਸ ਦੇ ਪੁੱਤਰ ਨੇ ਜੇਲ੍ਹ ਵਿਚ ਮੁਲਾਕਾਤ ਕਰਨ ਆਈ ਆਪਣੀ ਮਾਂ ਦਾ ਕੰਨ ਕੱਟ ਲਿਆ ਸੀ ਕਿਉਂਕਿ ਉਸ ਮਾਂ ਨੇ ਪਹਿਲੀ ਵਾਰ ਚੋਰੀ ਕਰਨ ਤੇ ਉਸ ਨੂੰ ਵਰਜਿਆ ਨਹੀਂ ਸੀ, ਜਿਸ ਕਾਰਨ ਉਸ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਬੰਦ ਹੋਣਾ ਪੈ ਰਿਹਾ ਸੀ।

ਇਨ੍ਹਾਂ ਦੋਹਾਂ ਉਦਾਹਰਣਾ ਤੋਂ ਸਪੱਸ਼ਟ ਹੈ ਕਿ ਮਨੁੱਖੀ ਆਚਰਣ ਦੀ ਘਾੜਤ ਵਿਚ ਮਾਤਾ (ਔਰਤ) ਦਾ ਯੋਗਦਾਨ ਬੜਾ ਮਹੱਤਵਪੂਰਨ ਹੈ। ਜੇ ਨਿਹਕਲੰਕ ਰਾਜੇ ਪੈਦਾ ਕਰਨ ਵਾਲੀ ਜਨਣੀ ਇਸਤਰੀ ਹੈ ਤਾਂ ਚੋਰ ਡਾਕੂ ਅਤੇ ਲੁਟੇਰੇ ਪੈਦਾ ਕਰਨ ਵਾਲੀ ਮਾਂ ਵੀ ਇਕ ਇਸਤਰੀ ਹੀ ਹੈ। ਬਹੁਤ ਹੀ ਸੂਖਮ ਦ੍ਰਿਸ਼ਟੀ ਦੇ ਮਾਲਕ ਗੁਰੂ ਨਾਨਕ ਸਾਹਿਬ ਨੇ ਇਸੇ ਲਈ ਪੰਦਰਵੀਂ ਸਦੀ ਵਿਚ ਹੀ ਮਨੁੱਖਤਾ ਨੂੰ ਇਕ ਅਜਿਹਾ ਨਾਅਰਾ ਦਿੱਤਾ ਜਿਸ ਨੂੰ ਅਪਣਾ ਕੇ ਅੱਜ ਦਾ ਮਨੁੱਖ ਆਪਣੇ ਆਪ ਨੂੰ ਆਧੁਨਿਕ ਅਖਵਾਉਣ ਦਾ ਹੱਕਦਾਰ ਸਮਝ ਕੇ ਮਾਣ ਮਹਿਸੂਸ ਕਰਦਾ ਹੈ। ਇੱਥੇ ਧਿਆਨ ਵਿਚ ਰੱਖਣ ਵਾਲੀ ਗਲ ਹੈ ਕਿ "**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ**" ਦਾ ਨਾਅਰਾ ਗੁਰੂ ਸਾਹਿਬ ਨੇ ਉਸ ਪਿੱਠ ਭੂਮੀ ਵਿਚ ਦਿੱਤਾ ਜਿਸ ਵਿਚ ਇਸਤਰੀ ਨੂੰ ਢੋਰ ਗਵਾਰ, ਸ਼ੂਦਰ ਤੇ ਪਸ਼ੂ ਗਰਦਾਨਿਆ ਗਿਆ ਸੀ। ਗੁਰੂ ਨਾਨਕ ਸਾਹਿਬ ਪਹਿਲੇ ਮਹਾਂਪੁਰਖ ਸਨ, ਜਿਨ੍ਹਾਂ ਨੇ ਮਨੁੱਖਤਾ ਦੇ ਅੱਧੇ ਅੰਗ, ਇਸਤਰੀ ਜ਼ਾਤ ਨੂੰ ਤਰਸਯੋਗ ਹਾਲਤ ਵਿਚੋਂ ਕੱਢ ਕੇ ਮਾਣ ਭਰੀ ਜਿੰਦਗੀ ਜਿਉਣ ਦਾ ਹੱਕ ਦਿੱਤਾ।

ਗੁਰੂ ਨਾਨਕ ਸਾਹਿਬ ਤੋਂ ਅਸੀਸ ਪ੍ਰਾਪਤ ਕਰ ਬੀਬੀਆਂ ਨੇ ਆਪਣੇ ਕਾਰਨਾਮਿਆਂ ਨਾਲ ਸਿੱਖ ਇਤਿਹਾਸ ਨੂੰ ਸੁਨਿਹਰੀ ਰੰਗਤ ਦਿੱਤੀ। ਜੋ ਗੁਰੂ ਨਾਨਕ ਦਾ ਨੂਰ ਪਛਾਣ ਕੇ ਪਹਿਲੀ ਸਿੱਖ ਹੋਣ ਦਾ ਮਾਣ ਇਕ ਬੀਬੀ–ਬੇਬੇ ਨਾਨਕੀ ਨੂੰ ਪ੍ਰਾਪਤ ਹੋਇਆ ਤਾਂ ਮਾਤਾ ਖੀਵੀ ਜੀ ਨੇ **ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤ. ਖੀਰ ਘਿਆਲੀ** (ਰਾਮਕਲੀ ਕੀ ਵਾਰ–ਪੰਨਾ ੯੬੭) ਦਾ ਪ੍ਰਵਾਹ ਚਲਾ ਕੇ ਲੰਗਰ ਦੇ Institution ਦੀ ਪਹਿਲੀ ਸਰਪ੍ਰਸਤ ਹੋਣ ਦਾ ਮਾਣ ਪ੍ਰਾਪਤ ਕੀਤਾ। ਪਹਿਲੀ ਪ੍ਰਚਾਰਕ ਬਣ ਬੀਬੀ ਅਮਰੋ ਜੀ ਨੇ ਆਪਣੇ ਅਮਲੀ ਜੀਵਨ ਨਾਲ ਆਪਣੇ ਸਹੁਰੇ ਘਰ ਵਿਚ ਸਿੱਖੀ ਦਾ ਪ੍ਰਚਾਰ ਕਰ ਇਕ ਅਜਿਹਾ ਸਿੱਖ ਪੈਦਾ ਕੀਤਾ ਜੋ ਗੁਰੂ ਪਦਵੀ ਨੂੰ ਪ੍ਰਾਪਤ ਹੋ ਗਿਆ। ਮਾਤਾ ਭਾਨੀ ਜੀ ਨੇ ਆਪਣੇ 'ਗੁਰੂ' ਅਰਜਨ (ਪੂਤਾ) ਨੂੰ 'ਮਾਤਾ ਦੀ ਅਸੀਸ' ਅਜਿਹੀ ਦਿੱਤੀ ਕਿ '**ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ**' ਦੀ ਅਸੀਸ ਪ੍ਰਾਪਤ ਕਰ ਗੁਰੂ ਗੁਰੂ ਕਰਦਿਆਂ ਤੱਤੀ ਤਵੀ ਤੇ ਬੈਠ ਅਕਾਲ ਪੁਰਖ ਵਿਚ ਅਭੇਦ ਹੋ ਗਏ, ਪਰ ਅਣਖ ਨੂੰ ਆਂਚ ਨਹੀਂ ਆਉਣ ਦਿੱਤੀ। ਪਹਿਲੀ ਸ਼ਹੀਦ ਇਸਤਰੀ ਮਾਤਾ ਗੁਜਰੀ ਜੀ ਨੇ ਅਜਿਹੇ ਪੂਰਨੇ ਪਾਏ ਕਿ ਮੀਰ ਮੰਨੂੰ ਦੀ ਜੇਲ੍ਹ ਵਿਚ ਬੀਬੀਆਂ ਨੇ ਬੱਚਿਆਂ ਦੇ ਟੋਟੇ ਟੋਟੇ ਕਰਵਾ ਲਏ ਪਰ ਸਿਦਕ ਤੋਂ ਨਹੀਂ ਡੋਲੀਆਂ। ਜੇ ਪੰਥ ਦੀ ਪਹਿਲੀ ਇਸਤਰੀ ਜਰਨੈਲ ਹੋਣ ਦਾ ਮਾਣ ਮਾਈ ਭਾਗ ਕੌਰ ਨੂੰ ਪ੍ਰਾਪਤ ਹੋਇਆ ਤਾਂ ਮਾਤਾ ਸੁੰਦਰੀ ਜੀ ਨੇ ਪਹਿਲੀ ਇਸਤਰੀ ਨੀਤੀਵਾਨ (Statesman) ਬਣ ਬਿਖੜੇ ਸਮੇਂ ਪੰਥ ਨੂੰ ਯੋਗ ਅਗਵਾਈ ਦੇ ਕੇ ਬੰਦਈ ਤੇ ਤੱਤ ਖਾਲਸੇ ਦੇ ਮੱਤਭੇਦ ਦੂਰ ਕਰਵਾ ਕੇ ਸਾਰੇ ਪੰਥ ਨੂੰ ਇਕ ਕਰ ਦਿਖਾਇਆ।

ਅਜਿਹੇ ਮਾਣਭਰੇ ਇਤਿਹਾਸ ਦੀ ਵਾਰਸ ਸਿੱਖ ਬੀਬੀ ਅੱਜ ਕਿਸ ਰਸਤੇ ਤੇ ਜਾ ਰਹੀ ਹੈ? ਕੀ ਅੱਜ ਸਿੱਖ ਪੰਥ ਵਿਚ ਕੋਈ ਅਜਿਹੀ ਬੀਬੀ ਹੈ ਜੋ ਹਉਮੇ ਵਸ ਹੋਏ ਸਿੱਖ ਲੀਡਰਾਂ ਨੂੰ ਆਪੋ ਧਾਪੀ ਕਰਨ ਤੋਂ ਹਟਾ ਉਹਨਾਂ ਨੂੰ ਸਿਧੇ ਰਸਤੇ ਪਾ ਸਕੇ? ਕੀ ਅਜ ਕੋਈ ਮਾਈ ਭਾਗੋ ਨਿਤਰੇਗੀ ਜੋ ਗੁਰੂ ਤੋਂ ਬੇਮੁੱਖ ਹੋਏ ਸਿਖਾਂ ਨੂੰ ਮੁੜ ਗੁਰੂ ਦੇ ਲੜ ਲਾ ਸਕੇ ?

ਸਪਸ਼ਟ ਹੈ ਕਿ ਅੱਜ ਸਿੱਖ ਪੰਥ ਕੋਈ ਮਾਈ ਭਾਗੋ ਜਾਂ ਮਾਤਾ ਸੁੰਦਰੀ ਨਹੀਂ ਪੈਦਾ ਕਰ ਸਕਿਆ। ਕਾਰਣ ਸਾਫ ਹੈ ਕਿ ਸਿੱਖ ਪੰਥ, ਵਿਦਿਅਕ, ਧਾਰਮਕ ਅਤੇ ਸਮਾਜਕ ਖੇਤਰ ਵਿਚ ਇਸਤਰੀਆਂ ਦੁਆਰਾ ਪਾਏ ਜਾ ਸਕਣ ਵਾਲੇ ਯੋਗਦਾਨ ਦੀ ਮਹੱਤਤਾ ਨਹੀਂ ਸਮਝ ਸਕਿਆ। ਸਿੱਖ ਬੀਬੀਆ ਨੇ "ਘਰਿ ਘਰਿ ਅੰਦਰਿ ਧਰਮਸਾਲ" ਬਣਾ ਇਕ ਅਜਿਹੇ ਵਿਅਕਤੀਤਵ ਦੀ ਘਾੜਤ ਘੜਨੀ ਹੈ ਜੋ ਉੱਚੇ ਤੇ ਸੁੱਚੇ ਆਚਰਣ ਦਾ ਮਾਲਕ ਬਣ ਦੇਸ਼, ਕੌਮ ਅਤੇ ਸਮਾਜ ਦੀ ਸੇਵਾ ਕਰ ਸਕੇ।



www.AKJ.Org

ਕਿਸੇ ਵਿਅਕਤੀ ਦੇ ਚੰਗੇ ਆਚਰਣ ਦੀ ਘਾੜਤ ਵਿੱਚ ਦੋ ਵਿਅਕਤੀ ਵਿਸ਼ੇਸ਼ ਯੋਗਦਾਨ ਪਾਉਂਦੇ ਹਨ। ਜੇ ਮਾਤਾ ਨੇ ਘਰ ਨੂੰ ਧਰਮਸ਼ਾਲਾ ਬਣਾ ਕੇ ਬੱਚਿਆਂ ਨੂੰ ਯੋਗ ਅਗਵਾਈ ਦੇਣੀ ਹੈ ਤਾਂ ਅਧਿਆਪਕ ਨੇ ਸਕੂਲ ਵਿੱਚ ਦਾਖਲ ਹੋਏ ਬੱਚਿਆਂ ਦੀ ਆਚਰਣ ਉਸਾਰੀ ਵੱਲ ਵਿਸ਼ੇਸ਼ ਧਿਆਨ ਦੇਣਾ ਹੈ। ਕੀ ਸਿੱਖ ਕੌਮ ਨੇ ਆਪਣੇ ਸਕੂਲਾਂ ਅਤੇ ਕਾਲਜਾਂ ਵਿੱਚ ਬੱਚੀਆਂ ਨੂੰ ਅਜਿਹੀ ਸਿਖਿਆ ਦੇਣ ਦਾ ਉਪਰਾਲਾ ਕੀਤਾ ਹੈ ਕਿ ਉਹ ਆਉਣ ਵਾਲੇ ਸਮੇਂ ਵਿੱਚ ਚੰਗੀਆਂ ਮਾਤਾਵਾਂ ਬਣ ਬੱਚਿਆਂ ਦੀ ਯੋਗ ਰਹਿਨੁਮਾਈ ਕਰ ਸਕਣ। 20ਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿੱਚ ਖਾਲਸਾ ਵਿਦਿਅਕ ਅਦਾਰੇ ਅਜਿਹੀਆਂ ਟਕਸਾਲਾਂ ਸਨ, ਜਿਥੇ ਸਿੱਖੀ ਆਚਰਣ ਦੀ ਘਾੜਤ ਘੜੀ ਜਾਂਦੀ ਸੀ। ਪਰ ਅੱਜ ਖਾਲਸਾ ਸਕੂਲ ਅਤੇ ਕਾਲਜਾਂ ਦੀ ਕੀ ਹਾਲਤ ਹੈ ? ਕਿਤਨੇ ਕੁ ਅਦਾਰਿਆਂ ਵਿੱਚ ਪਰਉਪਕਾਰੀ ਵਿਦਿਆ ਦਿੱਤੀ ਜਾ ਰਹੀ ਹੈ ? ਸਿੱਖੀ ਵਿਚਾਰਾਂ ਵਾਲੇ ਅਧਿਆਪਕ ਅਤੇ ਪ੍ਰਿੰਸੀਪਲਾਂ ਦੀ ਘਾਟ ਇਕ ਅਜਿਹੀ ਬੀਮਾਰੀ ਹੈ ਜਿਸ ਵੱਲ ਸਿੱਖ ਪੰਥ ਨੇ ਕੋਈ ਧਿਆਨ ਨਹੀਂ ਦਿੱਤਾ। ਮੇਨੇਜਮੈਂਟ ਕਮੇਟੀਆਂ ਦੀ ਆਪਸੀ ਧੜੇਬੰਦੀ ਨੇ ਖਾਲਸਾ ਸਕੂਲਾਂ ਦੀ ਹਾਲਤ ਹਾਸੋਹੀਣੀ ਬਣਾ ਦਿੱਤੀ ਹੈ। ਅਸਲੀ ਜੀ ਜਿਉਣ ਦੀ ਜਾਂਚ ਤਾਂ ਕਿਤੇ ਰਹੀ ਇਹਨਾਂ ਸੰਸਥਾਵਾਂ ਵਿੱਚ ਸਿੱਖਧਰਮ ਦੇ ਸਿਧਾਂਤਕ ਪੱਖ ਅਤੇ ਅਮੀਰੀ ਵਿਰਸੇ ਬਾਰੇ ਵੀ ਕੋਈ ਜਾਣਕਾਰੀ ਨਹੀਂ ਦਿੱਤੀ ਜਾਂਦੀ।

ਅੱਜ ਲੋੜ ਹੈ ਕਿ ਸਿੱਖ ਵਿਦਿਅਕ ਸੰਸਥਾਵਾਂ ਅਤੇ ਖਾਸ ਤੌਰ ਤੇ ਬੀਬੀਆਂ ਦੀਆਂ ਸੰਸਥਾਵਾਂ ਵੱਲ ਵਿਸ਼ੇਸ਼ ਧਿਆਨ ਦਈਏ। ਚੰਗੇ ਆਚਰਣ ਵਾਲੇ ਆਪਣੇ ਵਿਸ਼ੇ ਦੇ ਮਾਹਿਰ ਤੇ ਧਰਮ ਪ੍ਰਤੀ ਲਗਾਉ ਰੱਖਣ ਵਾਲੇ ਅਧਿਆਪਕਾਂ ਨੂੰ ਪਹਿਲ ਦੇ ਅਧਾਰ ਤੇ ਲਿਆ ਜਾਵੇ। ਮੁੱਖ ਅਧਿਆਪਕ ਦੀ ਚੋਣ ਸਮੇਂ ਖਾਸ ਧਿਆਨ ਰੱਖਿਆ ਜਾਵੇ ਕੇਵਲ ਅਜਿਹੇ ਉਮੀਦਵਾਰ ਦੀ ਚੋਣ ਕੀਤੀ ਜਾਵੇ ਜੋ ਆਪ ਚੰਗੇ ਹੀ ਨਹੀਂ ਸਗੋਂ ਉੱਚ ਆਚਰਣ ਦਾ ਮਾਲਕ ਹੋਵੇ ਅਤੇ ਆਪਣੀ ਸੰਸਥਾ ਵਿਚ ਸੁਖਾਵਾ ਮਹੌਲ ਬਣਾ ਕੇ ਕੰਮ ਕਰਨ ਅਤੇ ਕਰਾਉਣ ਦੀ ਯੋਗਤਾ ਰੱਖਦਾ ਹੋਵੇ ਵਿਦਿਅਕ ਸੰਸਥਾਵਾਂ ਤੇ ਖਾਸ ਤੌਰ ਤੇ ਬੀਬੀਆਂ ਦੀਆਂ ਸੰਸਥਾਵਾਂ ਨੂੰ ਸੌੜੀ ਰਾਜਨੀਤੀ ਤੋਂ ਪਰ੍ਹੇ ਰੱਖ ਕੇ ਕੇਵਲ ਯੋਗ ਪ੍ਰਬੰਧਕਾਂ ਅਤੇ ਅਧਿਆਪਕਾਂ ਦੇ ਹਵਾਲੇ ਕੀਤਾ ਜਾਏ ਤਾਂ ਕਿ ਉਹ ਵਿਦਿਆਰਥੀ ਬੀਬੀਆਂ ਦੇ ਆਚਰਣ ਦੀ ਅਜਿਹੀ ਘਾੜਤ ਘੜ ਸਕਣ ਕਿ ਉਹ ਆਉਣ ਵਾਲੇ ਸਮੇਂ ਵਿੱਚ ਘਰਾਂ ਨੂੰ ਧਰਮਸ਼ਾਲਾ ਬਣਾ ਚੰਗੀਆਂ ਮਾਤਾਵਾਂ ਬਣ, ਇਕ ਅਜਿਹੀ ਕੌਮ ਦੀ ਸਿਰਜਨਾ ਕਰਨ ਜੋ ਸਿੱਖੀ ਆਚਰਣ ਦਾ ਇਕ ਆਦਰਸ਼ ਬਣੇ ਅਤੇ ਖਾਲਸਾ ਜੀ ਦੇ ਉੱਚੇ ਤੇ ਸੁੱਚੇ ਆਚਰਣ ਦੀਆਂ ਧੁੰਮਾਂ ਚਹੁੰਕੁੰਟਾਂ ਵਿੱਚ ਪੈ ਜਾਣ। ਮੇਰੀ ਵਾਹਿਗੁਰੂ ਜੀ ਅੱਗੇ ਅਰਦਾਸ ਹੈ ਕਿ ਸਿੱਖ ਜਥੇਬੰਦੀਆਂ ਨੂੰ ਅਜਿਹਾ ਕੁੱਝ ਕਰ ਸਕਣ ਦੀ ਸਮਰਥਾ ਬਖਸ਼ਣ !

## ਸਿਦਕੀ ਸਿੰਘਣੀਆਂ ਤੇ ਅੱਜ ਕਲ ਦੀਆਂ ਬੀਬੀਆਂ

ਖਾਲਸਾ ਜੀ ! ਤੁਹਾਡੀ ਸਿੰਘ ਭੈਣ ਦੀ ਗੋਦ ਵਿਚੋਂ ਜ਼ਾਲਮਾਂ ਨੇ ਬੱਚੇ ਵਗਾਹ ਕੇ ਨੇਜ਼ਿਆਂ ਉਪਰ ਮਾਰੇ, ਪਰ ਧੰਨ ਹਨ ਉਹ ਸਿਦਕੀ ਬੀਬੀਆਂ ! ਉਨ੍ਹਾਂ ਕੰਘਾ, ਕੜਾ ਕ੍ਰਿਪਾਨ ਵਗਾਹ ਕੇ ਨਾ ਮਾਰੇ, ਅੱਜ ਕਲ੍ਹ ਦੀਓ ਸਿੱਖ ਕਹਾਉਣ ਵਾਲੀਓ ਬੀਬੀਓ ! ਜ਼ਰਾ ਧਿਆਨ ਦਿਓ! ਤੁਹਾਡੇ ਕਕਾਰ ਅੱਜ ਕਿੱਥੇ ਹਨ ?........

ਮੁਰਦਾ ਰੂਹਾਂ ਹਨ, ਲੋਥਾਂ ਸ਼ਿੰਗਾਰੀ ਫਿਰਦੀਆਂ ਹਨ, ਕੀ ਇਹ ਜੀਵਨ ਹੈ ? ਨਾਮ ਬਾਣੀ ਤੋਂ ਸੱਖਣੇ ਸਰੀਰਾਂ ਵਿਚੋਂ ਪੰਜਾਂ ਚੋਰਾਂ – ਕਾਮ, ਕ੍ਰੋਧ ਆਦਿਕ ਦੀ ਸੜ੍ਹਿਆਂਦ ਆ ਰਹੀ ਹੈ, ਬਾਹਰਲੇ ਸੈਂਟ–ਪਾਊਡਰਾਂ ਨਾਲ ਕੀ ਬਣਦਾ ਹੈ ?

(ਬੀਬੀ ਹਰਸ਼ਰਨ ਕੌਰ)

ਪੰਨਾ ੧੫ ਦਾ ਬਾਕੀ........

ਨੂੰ ੧੭੯੧ ਬਿਕ੍ਰਮੀ ਅਰਥਾਤ ੧੭੩੪ ਈ: ਨੂੰ ਲਾਹੌਰ ਦੇ ਨਖਾਸ ਚੌਂਕ ਵਿੱਚ ਸ਼ਹੀਦ ਕਰ ਦਿੱਤੇ ਗਏ। ਕੁਝ ਵਿਦਵਾਨ ਲਿਖਦੇ ਹਨ ਕਿ ਭਾਈ ਮਨੀ ਸਿੰਘ ਜੀ ਨੂੰ ਦੀਵਾਲੀ ਵਾਲੇ ਦਿਨ ਸ਼ਹੀਦ ਕੀਤੇ ਗਿਆ, ਪਰੰਤੂ ਇਤਹਾਸਕ ਹਵਾਲੇ ਇਸਦੀ ਪੁਸ਼ਟੀ ਨਹੀ ਕਰਦੇ। ਜੋ ਵਿਸ਼ੇਸ਼ ਗੱਲ ਇਸ ਪ੍ਰਥਾਈ ਹੈ ਕਿ ਭਾਈ ਸਾਹਿਬ ਦੀ ਸ਼ਹੀਦੀ 'ਦੀਵਾਲੀ' ਮਨਾਉਣ ਦੇ ਬਦਲੇ ਜ਼ਰੂਰ ਹੋਈ।

ਸਿੱਖਾਂ ਲਈ ਦੀਵਾਲੀ ਦੇ ਦਿਨ ਦੋ ਮਹਾਨ ਸ਼ਖਸ਼ੀਅਤਾਂ ਗੁਰੂ ਹਰਿਗੋਬਿੰਦ ਸਾਹਿਬ ਅਤੇ ਸ਼ਹੀਦ ਭਾਈ ਮਨੀ ਸਿੰਘ ਜੀ ਨੂੰ ਤਾਜ਼ਾ ਕਰਕੇ ਆਪਣੇ ਇਤਿਹਾਸ ਤੇ ਫ਼ਖਰ ਕਰਨ ਦੀ ਯਾਦ ਦਿਲਾਉਂਦਾ ਹੈ।

ਸਿੱਖਾਂ ਦੀ ਦੀਵਾਲੀ ਦੂਜੇ ਧਰਮਾਂ ਦੀ ਤਰ੍ਹਾਂ ਦੀਵੇ ਪੂਜ ਜਾਂ ਲਛਮੀ ਪੂਜ ਨਹੀ ਬਲਕਿ ਇਸ ਸ਼ੁਭ ਦਿਹਾੜੇ ਸਿੱਖ ਆਪਣੇ ਗੋਰਵਮਈ ਵਿਰਸੇ ਦੀ ਯਾਦ ਨੂੰ ਤਾਜ਼ਾ ਕਰ ਕੇ ਇਸ ਪਰ ਫ਼ਖਰ ਦਾ ਇਜ਼ਹਾਰ ਕਰਦੇ ਹਨ।



www.AKJ.Org

# ਗੁਰਸਿੱਖੀ ਦਾ ਰਾਹ

(ਪ੍ਰੋ: ਹਰਬੰਸ ਸਿੰਘ, ਲੁਧਿਆਣਾ)

ਗੁਰਸਿੱਖੀ ਦਾ ਰਾਹ ਬੜਾ ਸਿੱਧ ਪੱਧਰਾ ਹੈ, ਰੇਲ ਗੱਡੀ ਦੀ ਲੀਹ (ਲੈਨ) ਵਾਂਗ। ਇਸੇ ਕਰਕੇ ਹੀ ਇਸ ਨੂੰ "ਗਾਡੀ ਰਾਹ" ਕਿਹਾ ਜਾਂਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ- **ਨਾਨਕ ਨਿਰਮਲ ਪੰਥ ਚਲਾਇਆ।**

(ਵਾਰ ੧, ਪਉੜੀ ੪੫)

ਗੁਰੂ ਨਾਨਕ ਦੇਵ ਜੀ ਨੇ "ਨਿਰਮਲ ਪੰਥ" ਦੀ ਨੀਂਹ ਰੱਖੀ, ਸਿੱਖ ਗੁਰੂ ਸਾਹਿਬਾਨ ਨੇ ਮਾਇਆ ਦੀ ਜਿੱਲ੍ਹਣ ਵਿੱਚ ਫਸੇ ਲੋਕਾਂ ਨੂੰ ਬਾਹਰ ਕੱਢ ਕੇ ਤੇ "ਨਾਮ" ਦੀ ਗੁੜ੍ਹਤੀ ਦੇ ਕੇ ਸਿੱਧੇ ਰਾਹ ਪਾ ਦਿੱਤਾ। ਚਿੱਕੜ ਨਾਲ ਲਿੱਬੜੇ ਹੋਇਆਂ ਨੂੰ "ਨਿਰਮਲ ਪੰਥ" ਵਿੱਚ ਸ਼ਾਮਲ ਕਰ ਕੇ ਨਿਰਮਲ (ਸਾਫ ਸੁਥਰੇ) ਬਣਾ ਦਿੱਤਾ। ਸੰਨ 1699 ਈਸਵੀ ਦੀ ਵਿਸਾਖੀ ਤੋਂ ਨਿਰਮਲ ਪੰਥੀਏ "ਖਾਲਸਾ" ਨਾਮ ਨਾਲ ਜਾਣੇ ਜਾਣ ਲੱਗ ਪਏ ਅਤੇ ਨਿਰਮਲ ਪੰਥ "ਖਾਲਸਾ ਪੰਥ" ਦੇ ਨਾਮ ਤੇ ਮਸ਼ਹੂਰ ਹੋ ਗਿਆ। ਨਿਰਮਲ ਜਲ ਦਾ ਨਾਮ "ਖਾਲਸ" (Pure) ਜਲ ਪੈ ਗਿਆ।

ਮਾਇਆ ਰੂਪ ਚਿੱਕੜ ਭਰੇ ਰਾਹ ਤੇ ਤੁਰਨ ਦੀ ਥਾਂ ਖ਼ਾਲਸਾ (ਨਿਰਮਲ) ਪੰਥੀਏ "ਗੁਰਮਤਿ ਗਾਡੀ ਰਾਹ" ਤੇ ਪੈ ਗਏ ਅਤੇ ਕੰਵਲ ਫੁੱਲ ਵਾਂਗ ਮਾਇਆ-ਧਾਰੀ ਦੁਨੀਆਂ ਵਿੱਚ ਰਹਿੰਦੇ ਹੋਏ ਵੀ ਆਪਣੇ ਆਪ ਨੂੰ ਨਿਰਲੇਪ (ਮਾਇਆ ਦੀ ਲੇਪ ਤੋਂ ਅਣਭਿੱਜ) ਰੱਖਣ ਦੀ ਜਾਂਚ ਸਿੱਖ ਗਏ। ਖ਼ਾਲਸਾ ਜਨਾਂ ਦਾ ਰਾਹ ਦੁਨੀਆਂ ਨੂੰ ਨਿਆਰਾ ਲੱਗਣ ਲੱਗ ਪਿਆ ਅਤੇ ਲੋਕੀਂ ਨਿਰਮਲ ਪੰਥੀਆਂ ਨੂੰ "ਨਿਆਰਾ ਖ਼ਾਲਸਾ" ਕਹਿਣ ਲੱਗ ਪਏ। ਖ਼ਾਲਸੇ ਦੀ ਪੋਸ਼ਾਕ (ਬਾਣਾ) ਨਿਆਰੀ, ਖੁਰਾਕ (ਖਾਣ ਪਾਣ) ਅਰਥਾਤ ਲੰਗਰ ਨਿਆਰਾ, ਗੁਫ਼ਤਾਰ (ਬੋਲ ਚਾਲ) ਅਰਥਾਤ ਬੋਲੀ ਨਿਆਰੀ, ਰਫ਼ਤਾਰ (ਤੁਰਨ ਫਿਰਨ) ਅਰਥਾਤ ਕੰਮ ਕਾਰ ਕਰਨ ਦਾ ਢੰਗ ਨਿਆਰਾ। ਜੇ ਕੋਈ ਜੰਮ ਪਵੇ ਤਾਂ ਢੋਲ ਢਮੱਕਾ ਨਹੀਂ ਅਤੇ ਜੇ ਮਰ ਜਾਵੇ ਤਾਂ ਰੋਣਾ ਪਿੱਟਣਾ ਨਹੀਂ। ਜੇ ਖੁੱਲ੍ਹੇ ਗੱਫੇ ਮਿਲ-ਜਾਣ ਤਾਂ ਬਹੁਤੀ ਖੁਸ਼ੀ ਨਹੀਂ ਅਤੇ ਜੇ ਕੜਾਕੇ ਲੱਗ ਜਾਣ ਤਾਂ ਗ਼ਮੀ ਨਹੀਂ। ਉਹਨਾਂ ਦੇ ਘਰੀਂ ਹਰ ਸਮੇਂ ਢੋਲਕੀਆਂ ਛੈਣੇ ਵੱਜਦੇ ਹੀ ਲੋਕੀਂ ਸੁਣਦੇ, "**ਅਨੰਦ ਭਇਆ ਮੇਰੀ ਮਾਇ**" ਦੇ ਹੀ ਅਲਾਪ ਹੁੰਦੇ। ਸਿੰਘਾਂ ਦਾ ਪੰਥ ਨਿਰਾਲਾ।

**"ਆਵਤ ਹਰਖ ਨ ਜਾਵਤ ਦੂਖਾ ਨਹ ਬਿਆਪੈ ਮਨ ਰੋਗਨੀ।। ਸਦਾ ਅਨੰਦੁ ਗੁਰੁ ਪੂਰਾ ਪਾਇਆ, ਤਉ ਉਤਰੀ ਸਗਲ ਬਿਓਗਨੀ।।"** (ਪੰਨਾ ੬੯੩)

ਜਦ ਤੋਂ ਕੋਈ ਪ੍ਰਾਨੀ ਅੰਮ੍ਰਿਤ ਛੱਕ ਕੇ, ਨਿਗੁਰੇ ਤੋਂ ਗੁਰੂ ਵਾਲਾ ਬਣ ਜਾਂਦਾ ਹੈ ਭਾਵ ਖਾਲਸਾ ਪੰਥ ਵਿੱਚ ਸ਼ਾਮਲ ਹੋ ਜਾਂਦਾ ਹੈ ਤਾਂ ਉਸ ਤੇ ਨਾ ਹੀ ਕੋਈ ਮਾਇਕ ਲਾਭ ਦੀ ਖ਼ੁਸ਼ੀ ਜ਼ੋਰ ਪਾਉਂਦੀ ਹੈ ਅਤੇ ਨਾ ਹੀ ਕੋਈ ਨੁਕਸਾਨ ਦਿਲ ਵਿੱਚ ਦੁੱਖ ਪੈਦਾ ਕਰਦਾ ਹੈ। ਗੁਰੂ ਤੋਂ "ਨਾਮ" ਲੈ ਕੇ ਸੱਚੀ ਕਾਰੇ (ਨਾਮ ਜਪਣ) ਲੱਗਣ ਨਾਲ ਕੋਈ ਵੀ ਚਿੰਤਾ ਖਾਲਸੇ ਤੇ ਆਪਣਾ ਦਬਾਉ ਨਹੀਂ ਪਾ ਸਕਦੀ ਕਿਉਂਕਿ ਖਾਲਸਾ ਵਾਹਿਗੁਰੂ ਦਾ ਹੋਣ ਕਰ ਕੇ, ਸਿੱਧਾ ਉਸੇ ਦੇ ਹੀ ਅਧੀਨ ਹੈ, ਉਸ ਤੇ ਕਿਸੇ ਦੇਵੀ ਦੇਵਤੇ ਦਾ ਹੁਕਮ ਨਹੀਂ ਚਲ ਸਕਦਾ।

**"ਜਿਸ ਦਾ ਸਾਹਿਬੁ ਡਾਢਾ ਹੋਇ।**
**ਤਿਸ ਨੋ ਮਾਰਿ ਨ ਸਾਕੈ ਕੋਇ।"** (ਪੰਨਾ ੮੪੨)

"ਨਾਮ" ਜਪਣ ਸਦਕਾ ਗੁਰੂ ਕੇ ਸਿੱਖ (ਖ਼ਾਲਸਾ) ਅਤੇ ਪਰਮਾਤਮਾ (ਵਾਹਿਗੁਰੂ) ਵਿਚਕਾਰ ਸਾਰੀ ਵਿੱਥ ਦੂਰ ਹੋ ਜਾਂਦੀ ਹੈ ਜਿਸ ਕਰਕੇ ਉਹ ਹਮੇਸ਼ਾ ਚੜ੍ਹਦੀ ਕਲਾ ਭਾਵ ਅਨੰਦ ਵਿੱਚ ਰਹਿੰਦਾ ਹੈ ਅਤੇ ਅਨੰਦ ਦੇ ਹੀ ਸੋਹਿਲੇ ਗਾਉਂਦਾ ਹੈ।

ਗੁਰੂ ਕਾ ਸਿੱਖ ਤਨ, ਮਨ, ਧਨ ਗੁਰੂ ਨੂੰ ਸੌਂਪ ਕੇ "ਨਾਮ" ਦੀ ਦਾਤ ਪ੍ਰਾਪਤ ਕਰਦਾ ਹੈ ਅਤੇ ਹਰ ਮੰਦੀ ਚੰਗੀ ਘਟਨਾ ਨੂੰ ਅਕਾਲ ਪੁਰਖ ਦਾ ਹੁਕਮ ਸਮਝ ਕੇ ਉਸ ਦੇ ਭਾਣੇ ਅੰਦਰ ਰਹਿੰਦਾ ਹੈ। ਉਹ "ਹੁਕਮਾਂ" ਅੰਦਰ ਕਾਰ ਕਰਦਾ ਹੈ। ਉਸ ਨੂੰ "ਬਦਲੀ" ਹੋ ਜਾਣ ਭਾਵ ਮਰ ਜਾਣ ਦਾ ਕੋਈ ਡਰ ਨਹੀਂ, ਇੱਕ ਸਟੇਸ਼ਨ (ਦੇਸ) ਤੋਂ ਦੂਜੇ ਸਟੇਸ਼ਨ ਤੇ ਚਲੇ ਜਾਣ ਦਾ ਕੋਈ ਅੰਦੇਸ਼ਾ ਨਹੀਂ ਕਿਉਂਕਿ ਏਥੇ (ਇਸ ਦੁਨੀਆਂ) ਵੀ ਉਸ ਦਾ ਮਾਲਕ ਓਹੀਓ (ਵਾਹਿਗੁਰੂ) ਹੀ ਹੈ ਅਤੇ ਉੱਥੇ (ਪਰਲੋਕ) ਵੀ ਉਸ ਨੇ ਉਸੇ ਦੀ ਹਜ਼ੂਰੀ ਵਿੱਚ ਹੀ ਰਹਿਣਾ ਹੈ।

ਗੁਰੂ ਕੇ ਸਿੱਖ ਦੀ ਦੁਨੀਆਂ ਨਾਲੋਂ ਆਪਣੀ ਵੱਖਰੀ ਰਹੁਰੀਤ ਹੈ। "**ਸਾਬਤ ਸੂਰਤਿ ਸਿਰ ਦਸਤਾਰ**" ਵਾਲਾ ਪੰਜ ਕਕਾਰਾਂ ਦਾ ਧਾਰਨੀ ਖ਼ਾਲਸਾ ਆਪਣੇ ਸਾਰੇ ਕਾਰਜ ਗੁਰੂ ਅੱਗੇ ਅਰਦਾਸ ਕਰਕੇ, ਉਸ ਦਾ ਓਟ ਆਸਰਾ ਲੈ ਕੇ ਕਰਦਾ ਹੈ, ਆਨਮਤੀ ਲੋਕਾਂ ਵਾਂਗ ਉਹ ਵਹਿਮਾਂ ਭਰਮਾਂ ਵਿੱਚ ਨਹੀਂ ਪੈਂਦਾ। ਆਪਣੇ ਸਾਰੇ ਕਾਰਜ, ਵਿਆਹ-ਸ਼ਾਦੀਆਂ, ਮਰਨੇ ਪਰਨੇ ਆਦਿ ਸਾਦੇ ਤੋਂ ਸਾਦੇ ਢੰਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਹੀ ਕਰਦਾ ਹੈ। ਜਿੱਥੇ ਬਾਕੀ ਲੋਕਾਂ ਨੂੰ ਗਹਿਣੇ ਗੱਟੇ ਬਨਾਉਣ ਲਈ ਹਜ਼ਾਰਾਂ ਲੱਖਾਂ ਰੁਪਏ ਚਾਹੀਦੇ ਹਨ, ਖ਼ਾਲਸਾ ਗਹਿਣਿਆਂ ਤੋਂ ਮੁਕਤ ਹੋਣ ਸਦਕਾ ਵਿਆਹ ਸ਼ਾਦੀਆਂ ਦੀ ਫ਼ਜ਼ੂਲ ਖਰਚੀ ਤੋਂ ਬਚਿਆ ਰਹਿੰਦਾ ਹੈ।

ਗੁਰੂ ਕੇ ਸਿੱਖ ਦਾ ਦਿਨ ਸ਼ੁਰੂ ਹੁੰਦਾ ਹੈ, "ਅੰਮ੍ਰਿਤ ਵੇਲੇ" ਤੋਂ ਜਦੋਂ ਉਹ ਤੜਕੇ ਉੱਠ ਕੇ ਸੌਚ ਇਸ਼ਨਾਨ ਕਰਕੇ



www.AKJ.Org

ਨਾਮ ਜਪਦਾ, ਬਾਣੀ ਪੜ੍ਹਦਾ ਅਤੇ ਕੀਰਤਨ ਦੇ ਲਾਹੇ ਲੈਂਦਾ ਹੈ। ਸਾਰਾ ਦਿਨ ਉਹ ਧਰਮ ਦੀ ਕ੍ਰਿਤ ਕਰਦਾ, ਉਠਦਾ ਬਹਿੰਦਾ, ਤੁਰਦਾ ਫਿਰਦਾ, ਕਾਰ ਵਿਹਾਰ ਕਰਦਾ "ਗੁਰੂ ਗੁਰੂ" ਜਪਦਾ, ਪਰਮੇਸ਼ਰ ਨੂੰ ਹਰ ਵੇਲੇ ਯਾਦ ਰਖਦਾ ਹੈ। ਆਪਣੀ ਕਿਰਤ ਕਮਾਈ ਵਿਚੋਂ ਗੁਰੂ ਅਰਥ ਦਸਵੰਧ ਦਿੰਦਾ ਹੈ ਭਾਵ ਨਾਮ ਜਪਦਾ, ਵੰਡ ਛਕਦਾ ਅਤੇ ਧਰਮ ਦੀ ਕਿਰਤ ਕਰਦਾ ਹੈ। ਭਾਈ ਗੁਰਦਾਸ ਜੀ ਗੁਰਸਿੱਖ ਦੀ ਨਿੱਤ ਕਰਨੀ ਇਉਂ ਬਿਆਨ ਕਰਦੇ ਹਨ–

ਪਿਛਲ ਰਾਤੀ ਜਾਗਣਾ, ਨਾਮੁ ਦਾਨੁ ਇਸ਼ਨਾਨੁ ਦਿੜਾਏ।
ਮਿਠਾ ਬੋਲਣੁ ਨਿਵ ਚਲਣੁ, ਹਥਹੁ ਦੇ ਕੈ ਭਲਾ ਮਨਾਏ।
ਥੋੜਾ ਸਵਣਾ ਖਾਵਣਾ, ਥੋੜਾ ਬੋਲਨੁ ਗੁਰਮਤਿ ਪਾਏ।
ਘਾਲਿ ਖਾਇ ਸੁਕ੍ਰਿਤੁ ਕਰੈ, ਵਡਾ ਹੋਇ ਨ ਆਪੁ ਗਣਾਏ।
ਸਾਧ ਸੰਗਤਿ ਮਿਲਿ ਗਾਵਦੇ,
ਰਾਤਿ ਦਿਹੈ ਨਿਤ ਚਲਿ ਚਲਿ ਜਾਏ।
ਸਬਦ ਸੁਰਤਿ ਪਰਚਾ ਕਰੈ,ਸਤਿਗੁਰੁ ਪਰਚੈ ਮਨ ਪਰਚਾਏ।
ਆਸਾ ਵਿਚਿ ਨਿਰਾਸੁ ਵਲਾਏ। (ਵਾਰ ੨੮/੧੫)

ਗੁਰਸਿੱਖੀ ਦਾ ਰਾਹ ਤਾਂ ਬਹੁਤ ਸੌਖਾ ਹੈ ਪਰ ਅਸੀਂ ਸਿੱਖਾਂ ਦੇ ਘਰ ਜਨਮ ਲੈ ਕੇ, ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲਿਆਂ ਨੇ ਆਪਣੀ ਜੀਵਨ--ਗੱਡੀ "ਗੁਰਮਤਿ ਗਾਡੀ ਰਾਹ" ਤੋਂ ਹੇਠਾਂ ਉਤਾਰ ਲਈ ਨਜ਼ਰ ਆਉਂਦੀ ਹੈ। ਅਸੀਂ ਮੁੜ ਮਾਇਆ ਦੀ ਜਿੱਲ੍ਹਣ ਵਿੱਚ ਫਸਦੇ ਜਾ ਰਹੇ ਹਾਂ ਜਿਸ ਵਿਚੋਂ ਪਰਉਪਕਾਰੀ ਸਤਿਗੁਰਾਂ ਨੇ ਸਾਨੂੰ ਗੋਤੇ ਖਾਂਦਿਆਂ ਨੂੰ ਬਾਹੋਂ ਫੜ ਕੇ ਬਾਹਰ ਕੱਢਿਆ ਸੀ। ਅਸੀਂ ਸਿਰ ਤੇ ਦਸਤਾਰ ਬੰਨ੍ਹ ਕੇ ਪੰਜ ਕਕਾਰ ਧਾਰਨ ਕਰਕੇ ਵੀ "ਗੁਰੂ ਦੀ ਚਾਲ" ਛੱਡ ਕੇ ਆਨਮੱਤੀਆਂ ਦੀ ਚਾਲੇ ਤੁਰ ਪਏ ਹਾਂ। ਸਤਿਗੁਰੂ ਨੇ ਤਾਂ ਸਾਨੂੰ ਉਪਦੇਸ਼ ਦਿੱਤਾ ਹੈ–

"ਗੁਰਸਿਖ ਮੀਤ ਚਲਹੁ ਗੁਰ ਚਾਲੀ।।
ਜੋ ਗੁਰੁ ਕਹੈ ਸੋਈ ਭਲ ਮਾਨਹੁ,
ਹਰਿ ਹਰਿ ਕਥਾ ਨਿਰਾਲੀ।।੧।। ਰਹਾਉ।।"
(ਪੰਨਾ ੬੬੭)

ਪਰ ਅਸੀਂ ਗੁਰਮਤਿ ਦਾ ਰਾਹ ਛੱਡ ਕੇ ਉਲਟੇ ਰਾਹ ਪੈ ਗਏ ਹਾਂ।

ਸਾਡਾ ਨਿਆਰਾਪਨ ਖ਼ਤਮ ਹੁੰਦਾ ਜਾ ਰਿਹਾ ਹੈ, ਸਿੱਖੀ ਮਿਲਗੋਭਾ ਬਣਦੀ ਜਾ ਰਹੀ ਹੈ। ਸਿੰਘਾਂ ਦੇ ਬੱਚੇ ਭੇਡਾਂ ਵਿੱਚ ਰਲ ਕੇ ਭੇਡਾਂ ਦੇ ਮੇਮਣੇ ਬਣੀ ਫਿਰਦੇ ਹਨ। ਮਾਡਰਨ ਫੈਸ਼ਨ ਦੇ ਢਹੇ ਚੜ੍ਹਕੇ ਸਿੱਖ ਬੀਬੀਆਂ ਆਪਣੀ ਨਿਵੇਕਲੀ ਪਹਿਚਾਨ ਹੀ ਮਿਟਾਉਣ ਤੇ ਤੁਲੀਆਂ ਹੋਈਆਂ ਹਨ। ਸਿੱਖ ਦੀ ਪਹਿਚਾਨ ਕਰਨੀ ਹੀ ਮੁਸ਼ਕਲ ਹੋ ਗਈ ਹੈ। ਸਾਨੂੰ ਅੰਮ੍ਰਿਤ ਕੌੜਾ ਲੱਗਣ ਲੱਗ ਪਿਆ ਹੈ ਅਤੇ ਸ਼ਰਾਬ ਤੇ ਹੋਰ ਨਸ਼ਿਆਂ ਨੂੰ ਮਿੱਠਾ ਸ਼ਰਬਤ ਸਮਝ ਕੇ ਛਕ ਰਹੇ ਹਾਂ। ਸਾਡੀ ਪੁਸ਼ਾਕ (ਬਾਣਾ), ਖ਼ੁਰਾਕ, ਗੁਫ਼ਤਾਰ ਤੇ ਰਫ਼ਤਾਰ ਵਿੱਚ ਨਿਆਰਾ–ਪਨ ਮਿਟਦਾ ਜਾ ਰਿਹਾ ਹੈ। ਅਸੀਂ ਬੜੀ ਤੇਜ਼ੀ ਨਾਲ ਆਨਮਤੀਆਂ ਦੇ ਰਸਮੋਂ ਰਿਵਾਜ਼ ਅਪਣਾ ਰਹੇ ਹਾਂ, ਸਾਡਾ ਆਪਣੀ ਮਾਂ ਬੋਲੀ ਪੰਜਾਬੀ ਨਾਲ ਪਿਆਰ ਘਟਦਾ ਜਾ ਰਿਹਾ ਹੈ। ਅਸੀਂ ਆਪਣੇ ਬੱਚਿਆਂ ਨੂੰ ਅੰਗ੍ਰੇਜ਼ੀ ਮਾਧਯਮ (English Medium) ਵਾਲੇ ਸਕੂਲਾਂ ਵਿੱਚ ਭੇਜ ਕੇ ਫ਼ਖਰ ਮਹਿਸੂਸ ਕਰ ਰਹੇ ਹਾਂ। ਗੁਰਬਾਣੀ ਪੜ੍ਹਨੀ ਸਾਨੂੰ ਔਖੀ ਨਜ਼ਰ ਆ ਰਹੀ ਹੈ। ਅਸੀਂ ਸਿੱਖ ਸਭਿਆਚਾਰ ਤੋਂ ਦੂਰ ਜਾ ਰਹੇ ਹਾਂ। ਕਿਰਪਾਨ ਪਾਉਣੀ ਸਾਨੂੰ ਮੁਸ਼ਕਲ ਨਜ਼ਰ ਆਉਂਦੀ ਹੈ, ਟਾਈ ਲਾਉਣ ਅਤੇ ਬਾਂਹ ਵਿੱਚ ਪਰਸ ਲਟਕਾ ਕੇ ਨੰਗੇ ਸਿਰ ਫਿਰਨ ਵਿੱਚ ਅਸੀਂ ਆਪਣੀ ਸ਼ਾਨ ਸਮਝਦੇ ਹਾਂ।

ਅੱਜ ਅਸੀਂ ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲੇ ਔਖੇ ਰਾਹ ਨੂੰ ਸੌਖਾ ਅਤੇ ਸੌਖੇ ਰਾਹ ਨੂੰ ਔਖਾ ਸਮਝਣ ਲੱਗ ਪਏ ਹਾਂ। ਜਿਸ ਕਾਰਨ ਅਸੀਂ ਮਾਇਆ ਦੇ ਦਾਸ ਬਣਦੇ ਜਾ ਰਹੇ ਹਾਂ, ਗੁਰੂ ਦਾ ਡਰ ਤੇ ਪ੍ਰੇਮ ਸਾਨੂੰ ਭੁਲਦਾ ਜਾ ਰਿਹਾ ਹੈ, ਕਾਮ, ਕ੍ਰੋਧ, ਲੋਭ, ਮੋਹ , ਹੰਕਾਰ ਸਾਡੇ ਤੇ ਚੌਧਰ ਜਮਾਉਣ ਲੱਗ ਪਏ ਹਨ, ਦਿਨ ਰਾਤ ਅਸੀਂ ਮਾਇਆ ਦੇ ਪਿੱਛੇ ਹੀ ਦੌੜੇ ਫਿਰਦੇ ਹਾਂ। ਕੀ ਅਸੀਂ ਕੈਸ਼ (ਪੈਸਾ), ਕੋਠੀ, ਕਾਰ, ਕੜਵਾ ਪਾਣੀ (ਸ਼ਰਾਬ) ਅਤੇ ਕੁੜੀ ਨੂੰ ਪੰਜ ਕਕਾਰ ਸਮਝਣ ਲੱਗ ਪਏ ਹਾਂ ?-- ਐ ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲਿਓ! ਜ਼ਰਾ ਸੋਚੋ ! ਤੁਸੀਂ ਕਿੱਧਰ ਨੂੰ ਤੁਰ ਪਏ ਹੋ ? ਕੀ ਤੁਸੀਂ ਗੁਰਮਤਿ ਗਾਡੀ ਰਾਹ ਨੂੰ ਛੱਡ ਕੇ ਹਲਤ ਪਲਤ (ਲੋਕ ਪਰਲੋਕ) ਸੁਆਰ ਸਕੋਗੇ ?......

ਨਹੀਂ, ਨਹੀਂ, ਨਹੀਂ ! ਕਿਉਂਕਿ –
ਗੁਰ ਤੇ ਮੁਹੁ ਫੇਰੇ ਜੇ ਕੋਈ,
ਗੁਰ ਕਾ ਕਹਿਆ ਨ ਚਿਤਿ ਧਰੈ।।
ਕਰਿ ਆਚਾਰ ਬਹੁ ਸੰਪਉ ਸੰਚੈ,
ਜੋ ਕਿਛੁ ਕਰੈ ਸੋ ਨਰਕਿ ਪਰੈ।।੪।।੬।।
(ਪੰਨਾ ੧੩੩੪)

***********

## ਫਕੀਰ ਸ਼ਾਹ ਦੌਲਾ ਦਾ ਗਿਲਾ

ਹਿੰਦੂ ਕੀ ਤੇ ਪੀਰੀ ਕੀ ?
ਔਰਤ ਕੀ ਤੇ ਫਕੀਰੀ ਕੀ ?
ਪੁੱਤਰ ਕੀ ਤੇ ਵੈਰਾਗ ਕੀ ?
ਦੌਲਤ ਕੀ ਤੇ ਤਿਆਗ ਕੀ ?

## ਗੁਰੂ ਹਰਗੋਬਿੰਦ ਸਾਹਿਬ ਦਾ ਉੱਤਰ

ਔਰਤ ਈਮਾਨ।
ਪੁੱਤਰ ਨਿਸ਼ਾਨ।
ਦੌਲਤ ਗੁਜਰਾਨ।
ਫਕੀਰ ਨਾ ਹਿੰਦੂ ਨਾ ਮੁਸਲਮਾਨ।



www.AKJ.Org

## Meditating On Nam (2)

(Part One published in "Sura",May,95)

The Praise of the Wonderous Lord, produces a sence of wonder men in those, who sing It. It is not enough to occasionally remember God, to thank Him for the limitless gifts that we enjoy. We should engage ourselves in feeling His Wonderous presense in all that we see and hear i.e. To see Divine Hand in all that is His Play.

ਗੁਜਰੀ ਕੀ ਵਾਰ, ਸਲੋਕ ਮ: ੩ (੫੧੪–੧੫)

ਵਾਹੁ ਵਾਹੁ ਤਿਸ ਨੋ ਆਖੀਐ ਜਿ ਸਚਾ ਗਹਿਰ ਗੰਭੀਰ।।
ਵਾਹੁ ਵਾਹੁ ਤਿਸ ਨੋ ਆਖੀਐ ਜਿ ਗੁਣ ਦਾਤਾ ਮਤਿ ਧੀਰ।।
ਵਾਹੁ ਵਾਹੁ ਤਿਸ ਨੋ ਆਖੀਐ ਜਿ ਸਭ ਮਹਿ ਰਹਿਆ ਸਮਾਇ।।
ਵਾਹੁ ਵਾਹੁ ਤਿਸ ਨੋ ਆਖੀਐ ਜਿ ਦੇਦਾ ਰਿਜਕੁ ਸੰਬਾਹਿ।।
ਨਾਨਕ ਵਾਹੁ ਵਾਹੁ ਇਕੋ ਕਰਿ ਸਾਲਾਹੀਐ,
ਜਿ ਸਤਿਗੁਰ ਦੀਆ ਦਿਖਾਇ।।੧।।(੧੬)

Unfathomable Lord is Wonderous, who is the Storhouse of all virtue, wisdom and serenity. He is Wonderous, as He pervades in all and provides for all His creation. In wonderment praise the Only God, Who is realized with the Grace of a True Spiritual Teacher – ਸਤਿਗੁਰੂ.

Also:

ਵਾਹੁ ਵਾਹੁ ਗੁਰਮੁਖਿ ਸਦਾ ਕਰਹਿ ਮਨਮੁਖਿ ਮਰਹਿ ਖਾਇ।।
ਨਾ ਵਾਹੁ ਵਾਹੁ ਨ ਭਾਵੀ ਦੁਖੇ ਦੁਖਿ ਵਿਹਾਇ।।
ਗੁਰਮੁਖਿ ਅੰਮ੍ਰਿਤ ਪੀਵਣਾ ਵਾਹੁ ਵਾਹੁ ਕਰਹਿ ਲਿਵ ਲਾਇ।।੨।।(੫੧੫)

Those, who are blessed with Guru's Wisdom ulter the Praises of all times. Those who pursue their on desires die miserably after making wrong choices in life. In their ego, they do not see the divine Hand and suffer the consequences of their own misdeals. Guru-oriented enjoy the Elixir of life by ever remaining imbued in Nam.

ਮਨ ਮੇਰੇ ਨਾਮਿ ਰਹਉ ਲਿਵ ਲਾਈ ਅਦਿਸਟ ਅਗੋਚਰ ਅਪਰੰਪਰ ਕਰਤਾ, ਗੁਰ ਕੇ ਸਬਦ ਹਰਿ ਧਿਆਵੇ।

(ਮਲਾਰ ਮ: ੩ (੧੨੬੦))

Gurbani advises to meditate continuously on the Unseen, Limitless, Beyond the reach of sense organs, Creator Through Guru's Word. Then and then alone the miraculous effect can be experienced :

ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ,
ਨੀਝਰ ਧਾਰ ਚੁਆਵੈਗੋ।।੩।।
ਰਾਮ ਨਾਮੁ ਇਕੁ ਤਿਲ ਤਿਲ ਗਾਵੈ,
ਮਨੁ ਗੁਰਮਤਿ ਨਾਮਿ ਸਮਾਵੈਗੋ।।੪।।

(ਕਾਨੜਾ ਅਸਟਮ ਮ: ੪)

The experience of hearing celetial music and tasting of the nactor comes through continuous repetition of Nam and The mind follows Wisdom of the Guru to earn the highest merit of complete identification with god.

ਮਨ ਮੇਰੇ ਨਾਮਿ ਰਤੇ ਸੁਖੁ ਹੋਇ।।
ਗੁਰਮਤੀ ਨਾਮ ਸਾਲਾਹੀਐ ਦੂਜਾ ਅਵਰ ਨ ਕੋਇ।।੧।। ਰਹਾਉ।। ਸਿਰੀ ਰਾਗੁ ਮ:੩ (੩੮)

Only those drenched in the Nam are truely happy. In the light of Guru's Teaching on should engage in meditation, as there is none else except God as the Ultimate Reality.

ਪੂਰੇ ਸਬਦਿ ਸਲਾ ਹੀਐ ਜਿਸ ਦਾ ਅੰਤੁ ਨ ਪਾਰਾਵਾਰੁ।।੬।

(ਸਿਰੀ ਰਾਗੁ ਮ: ੩ ( ਪੰਨਾ ੬੮)

ਨਮਸਕਾਰ ਗੁਰਦੇਵ ਕੋ ਸਤਿਨਾਮ ਜਿਸ ਮੰਤ੍ਰ ਸੁਣਾਇਆ।।
ਭਵਜਲ ਵਿਚੋ ਕੱਢ ਕੇ ਮੁਕਤਿ ਪਦਾਰਥ ਮਾਹਿ ਸਮਾਇਆ।।

(ਭਾ: ਗੁਰਦਾਸ ਜੀ ਵਾਰ ੧ ਪੰਨਾ ੧)

ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।।

(ਭਾ: ਗੁਰਦਾਸ ਜੀ ਵਾਰ ੧੩ ਪੰਨਾ ੨)



www.AKJ.Org

ਕਿਰਤਮ ਨਾਮ ਕਥੇ ਤੇਰੇ ਜਿਹਬਾ।।
ਸਤਿਨਾਮੁ ਤੇਰਾ ਪਰਾ ਪੂਰਬਲਾ।।੨੦।।
(ਮਾਰੂ ਮ: ੫ ਪੰਨਾ ੧੦੮

ਰਾਮ ਰਾਮ ਸਭ ਕੋ ਕਰੈ ਕਹਿਐ ਰਾਮੁ ਨ ਹੋਈ।।
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ।। (ਗੂਜਰੀ ਮ:੩ ਪੰਨਾ ੪੯੧)

The Limitless One can only be seeing through the complete Word-Revealed. I salute the Guru, who revealed the Eternal Nam, which helped through the dreadful ocean of worldly sins and led to liberation. Meditation of the Magic Word `WAHEGURU' rids one of the self conceit and ego. While other names assigned to God only reveal one of this many aspects the Eternal Nam is actually for meditation. However even the ulternance of Nam has to follow Its acceptance through the Guru and understand the complete significance.

**Key to Continuous Meditatoin**

Meditation is linked with the process of breathing, A Gur Sikh begins his day with a three hourly meditation in the ambrosial morning hours. this acts like the winding key of a watch to keep the pendulum of meditation going for rest of the twenty four hours. There is no limit to meditation. This leads to the highest bliss, reached in the fourth state of Sehj, which is beyond the three states of Rajogun-Passion, Tamogun-Ignorance and Satogun - Purity. This is the state of Divine knowledge, where one remains unaffected by the changing phases of joy-sorrow, pain-comfort,honour-dishonour etc.

The devotee sees only the Divine Hand everywhere and is self assumed of the resulting good.

ਲੋਇਣ ਦੇਖਿ ਰਹੇ ਬਿਸਮਾਦੀ
ਚਿਤ ਅਦਿਸਟਿ ਲਗਾਈ।।
ਅਦਿਸਟਿ ਸਦਾ ਰਹੈ
ਨਿਰਾਲਮੁ ਜੋਤੀ ਜੋਤਿ ਮਿਲਾਈ।।

Through newly aquired Divine Sight (devotee) enjoys the wonderous Play of God, keeping God always in mind. God permeates everywhere on the Divine Light and yet remains aloof and unaffected.

ਦਸਮ ਸਥਾਨ ਕੇ ਸਮਾਨਿ ਕਉਨ ਭਵਨ ਕਹਉ,
ਗੁਰਮੁਖਿ ਪਾਵੈ ਸੁ ਤਉ ਅਨਤ ਨ ਧਾਵਈ।
ਉਨਮਨੀ ਜੋਤਿ ਕੇ ਪਟੰਤਰ ਦੀਜੈ ਕਉਨ ਜੋਤਿ,
ਦਇਆ ਕੈ ਦਿਖਾਵੈ ਜਾਹਿ ਤਾਹੀ ਬਨ ਆਵਈ।।
ਅਨਹਦ ਨਾਦ ਸਮਸਰਿ ਨਾਦੁ ਬਾਦੁ ਕਉਨ,
ਸ੍ਰੀ ਗੁਰੂ ਸੁਨਾਵੈ ਜਾਹਿ ਸੋਈ ਲਿਵ ਲਾਵਈ।।
ਨਿਝਰ ਅਪਾਰ ਧਾਰ ਤੁਲਿ ਨ ਅੰਮ੍ਰਿਤ ਰਸ,
ਅਪਿਉ ਪਿਆਵੈ ਜਾਹਿ ਤਾਹੀ ਮੈ ਸਮਾਵਈ।।੨।।
(ਕਬਿਤ ਸਵੈਯੇ ਭਾ: ਗੁਰਦਾਸ ਜੀ)

The holiest of the holy-tenth opening (secret) of a human body has no parallel as the most joyous place. A Guru-oriented person who finds it does not wish to leave it for any other place. There is no light like the Divine glow. He alone who experiences it with Guru's Grace know this truth. There is no music comparable with celestial music, that one experiences at the tenth door ( ਦਸਮ ਦੁਆਰ). Only the closen one by the Guru can experience this and remain happy in contemplation. Through the opening of Dasam

(ਬਾਕੀ ਪੰਨਾ ੩੦ ਤੇ......)



www.AKJ.Org

# ਬੱਝ

(ਪ੍ਰਿੰਸੀਪਲ ਮੋਹਰ ਸਿੰਘ ਜੀ)

ਆਤਮਕ ਰਾਹ ਵਿਚ ਇਹ ਸ਼ਬਦ (ਬੱਝ), ਰੁਕਾਵਟ, ਤੋਟਾ, ਗੁਮਰਾਹੀ ਤੇ ਭਟਕਣ ਦਾ ਬੋਧਕ ਹੈ। ਇਹ 'ਬੱਝ' ਉਹ ਹੀ ਕੰਮ ਕਰਦੀ ਹੈ ਜੋ 'ਮਾਇਆ'। ਜਿਸ ਤਰ੍ਹਾਂ ਮਨੁਖ ਤੇ ਮਾਇਆ ਦਾ ਅਸਰ ਉਸ ਨੂੰ ਗੁਰਮਤਿ ਵਲ ਆਉਣ ਹੀ ਨਹੀਂ ਦੇਂਦਾ ਇਸੇ ਤਰ੍ਹਾਂ ਇਹ ਬੱਝ ਵੀ ਮਨੁਖ ਨੂੰ ਗੁਰਮਤਿ ਦੇ ਰਾਹ ਵੱਲ ਆਉਣ ਹੀ ਨਹੀਂ ਦੇਂਦੀ ਤੇ ਜੇ ਮਨੁਖ ਰਾਹ ਤੇ ਚਲਣ ਲਗ਼ ਪਵੇ ਤਾਂ ਫੇਰ ਇਹ ਬਹੁਤ ਹੀ ਰਸਦਾਇਕ ਵਲਿਆਂ ਤੇ ਆਕੇ ਐਸੀ ਚੋਟ ਲਗਾਉਂਦੀ ਹੈ ਕਿ ਮਨੁਖ ਜ਼ਰੂਰ ਹੀ ਆਪਨੇ ਰਸਤੇ ਤੋਂ ਥਿੜਕ ਜਾਂਦਾ ਹੈ।

**ਜਨਮ ਤੋ ਪਹਿਲਾਂ ਇਸ ਦਾ ਅਸਰ**

**'ਜਨਮ ਜਨਮ ਕੀ ਇਸ ਮਨ ਕਉ ਮਲੁ ਲਾਗੀ, ਕਾਲਾ ਹੋਆ ਸਿਆਹੁ।'**

ਇਹ ਮਹਾਂਵਾਕ ਸ਼ਹਾਦਤ ਦੇਂਦਾ ਹੈ ਕਿ ਮਨੁਖ ਦਾ ਮਨ ਜਨਮ ਤੋਂ ਪਹਿਲਾਂ ਹੀ ਇਸ ਦੇ ਅਸਰ ਵਿਚ ਹੀ ਆ ਕੇ ਕਾਲਾ ਹੋਇਆ ਹੋਇਆ ਹੁੰਦਾ ਹੈ ਜਿਹੜਾ ਕਾਲਾਪਨ ਕਿ ਮਨੁਖ ਇਸ ਮਨੁਖਾ-ਜਨਮ ਵਿਚ ਨਿਰੰਤਰ ਅਭਿਆਸ ਕਰਨ ਕਰਕੇ ਹੀ ਉਤਾਰਨ ਦੀ ਕੋਸ਼ਿਸ਼ ਕਰਦਾ ਹੈ ਤੇ ਫੇਰ ਕਿਤੇ ਉਸ ਤੇ ਮਗਰੋਂ ਹੀ ਆਤਮਕ ਰਾਹ ਤੇ ਚਲਣ ਦੀ ਆਸ ਕਰ ਸਕਦਾ ਹੈ। ਤੇ ਗੁਰੂ 'ਟੂਟੀ ਗਾਂਢਣਹਾਰ ਗੋਪਾਲ' ਦੀ ਕ੍ਰਿਪਾ ਨਾਲ ਉਹ ਫੇਰ ਆਤਮਕ ਮੰਡਲਾਂ ਦਾ ਰਸ ਮਾਣਦਾ ਹੈ।

ਜਨਮ ਵੇਲੇ ਇਸ ਬੱਝ (ਮਾਇਆ ਦੀ ਪੁਤਰੀ) ਦਾ ਅਸਰ: ਬੱਚਾ ਪੈਦਾ ਹੁੰਦਾ ਕਿਉਂ ਰੋਂਦਾ ਹੈ? ਆਤਮਕ ਵਿਛੋੜੇ ਕਰਕੇ ਜਦੋਂ ਉਸ ਦੀ ਲਿਵ ਦਾਤੇ ਨਾਲੋਂ ਟੁੱਟ ਜਾਂਦੀ ਹੈ ਤੇ ਜਦੋਂ ਦੁਨੀਆਂ ਦੀ ਰੋਸ਼ਨੀ ਦੇਖਣ ਤੇ ਉਸ ਤੇ ਮਾਇਆ ਦਾ ਪਰਦਾ ਪਿਆ। ਸੋ ਇਹ ਬੱਝ ਦਾ ਪਹਿਲਾ ਪੁਰਜ਼ੋਰ ਅਸਰ ਹੈ। ਇਹ ਅਸਰ 'ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ' ਗੁਰਵਾਕ ਅਨੁਸਾਰ ਸਧਾਰਨ ਮਨੁਖ ਉਤੇ ਪਹਿਲੇ ੧੮ ਸਾਲ ਦੀ ਆਯੂ ਤੱਕ ਬਹੁਤ ਹੀ ਜੋਰਦਾਰ ਹੁੰਦਾ ਹੈ ਜਿਸ ਸਮੇਂ ਵਿਚ ਕਿ ਉਸ ਦੀਆਂ ਆਦਤਾਂ ਦੀ ਪੂਰੀ ਬਣਾਵਟ ਹੋ ਜਾਂਦੀ ਹੈ ਜਿਹੜੀਆਂ ਕਿ ਉਸ ਦਾ ਜੀਵਨ ਸਾਥੀ ਹੁੰਦੀਆਂ ਹਨ, ਜਿਹਨਾਂ ਨੂੰ ਉਹ ਛੱਡ ਹੀ ਨਹੀਂ ਸਕਦਾ। ਮਾਇਆ ਦੇ ਅਸਰ ਅੰਦਰ ਇਹ ਆਦਤਾਂ ਬੰਨ੍ਹੀਆਂ ਹੋਈਆਂ ਹੋਣ ਕਰਕੇ ਇਹ ਮਨੁੱਖ ਲਈ ਗੁਰਮਤਿ ਰਾਹ ਵਿਚ ਰੁਕਾਵਟ ਪੈਦਾ ਕਰਦੀਆਂ ਹਨ। ਮਨੁੱਖ ਇਸ ਉਮਰ ਵਿਚ ਤ੍ਰੈਹ ਗੁਣ ਵਿਚ ਫਸ ਕੇ ਧਰਮ ਤੇ ਨੇਕੀ ਨੂੰ ਭੁੱਲ ਜਾਂਦਾ ਹੈ। ਕੁਝ ਹੀ ਰੂਹਾਂ ਐਸੀਆਂ ਹੁੰਦੀਆਂ ਹਨ ਜਿਹੜੀਆਂ ਕਿ ਪੂਰਬਲੇ ਚੰਗੇ ਕਰਮਾਂ ਕਰਕੇ ਜਾਂ ਚੰਗੀ ਸੰਗਤਿ ਕਾਰਣ ਜਾਂ ਘਰ ਦੇ ਚੰਗੇ ਵਾਤਾਵਰਣ ਦੇ ਕਾਰਨ ਇਸ ਮਾਇਆ ਦੇ ਅਸਰ ਹੇਠ ਆਇਆ ਹੋਇਆਂ ਹੁੰਦਿਆਂ ਵੀ ਆਪਣੀ ਮੰਜ਼ਿਲੇ-ਮਕਸੂਦ ਲਈ ਤਿਆਰ ਰਹਿੰਦੇ ਹਨ ਤੇ ਇਹਨਾਂ ਦਾ ਦੁਨੀਆਂ ਦੀ ਮਾਇਆ ਨਾਲ ਸੰਘਰਸ਼ (ਜੰਗ) ਹੀ ਰਹਿੰਦਾ ਹੈ ਅਤੇ ਇਹ ਆਤਮਕ ਸਫ਼ਰ ਦੀ ਸੜਕ ਤੇ ਚਲਦਿਆਂ ਹੋਇਆਂ ਆਪਣਾ ਪ੍ਰਮਾਰਥ ਸੰਵਾਰਨ ਵਿਚ ਜੁਟੇ ਹੀ ਰਹਿੰਦੇ ਹਨ, ਪ੍ਰੰਤੂ ਦੁਨੀਆਂ ਦੇ ਬਹੁਤ ਸਾਰੇ ਲੋਗ ਇਸ ਮਾਇਆ ਦੀ ਗੋਦ ਵਿਚ ਸੁੱਤੇ ਹੀ ਰਹਿੰਦੇ ਹਨ। ਮਹਾਂਵਾਕ ਅਨੁਸਾਰ 'ਗੂਝੀ ਭਾਹਿ ਜਲੈ ਸੰਸਾਰਾ, ਭਗਤਿ ਨ ਬਿਆਪੈ ਮਾਇਆ' ਇਹ ਕੀ ਹੈ? ਸਾਰੇ ਦਾ ਸਾਰਾ 'ਬੱਝ' ਦਾ ਹੀ ਚੱਕਰ ਹੈ ਪਰ 'ਗੁਸਾਈਂ ਦੇ ਪਹਿਲਵਾਨੜੇ' ਧਾਰਮਿਕ ਦਾਇਰੇ ਵਿਚ ਆਏ ਹੋਏ ਗੁਰਮਤਿ ਪਾਂਧੀ ਇਸ ਬੱਝ ਦੀ ਨਾਸ਼ਕਾਰੀ ਚੋਟ ਤੋਂ ਬਚ ਹੀ ਜਾਂਦੇ ਹਨ। ਪਰ ਫਿਰ ਵੀ ਉਹ ਕਦੀ ਕਦੀ ਐਸਾ ਜ਼ਬਰਦਸਤ ਹਮਲਾ ਕਰਦੀ ਹੈ ਅਤੇ ਉਹਨਾਂ ਨੂੰ ਵੀ ਐਸਾ ਉਲਟਾ ਸੁੱਟਦੀ ਹੈ ਕਿ ਉਹ ਬਹੁਤ ਦੇਰ ਤੱਕ ਬੇਰਸੀ ਦੀ ਜ਼ਿੰਦਗੀ ਗੁਜ਼ਾਰਦੇ ਹਨ ਤੇ ਫੇਰ ਨਿਰੰਤਰ ਅਰਦਾਸਾਂ ਤੇ ਜੋਦੜੀਆਂ ਨਾਲ ਹਿੰਮਤ ਕਰਕੇ ਗੁਰਮਤਿ ਦੇ ਰਾਹ ਤੇ ਆ ਜਾਂਦੇ ਹਨ। ਇਸ ਪ੍ਰਕਾਰ 'ਬੱਝ' ਨਾਲ ਜ਼ਿੰਦਗੀ ਭਰ ਲੜਾਈ ਚਲਦੀ ਰਹਿੰਦੀ ਹੈ ਅਤੇ ਨਾ -ਜਾਨੇ ਅੰਤ ਕੌਣ ਜਿੱਤਦਾ ਹੈ, ਇਹ ਸਭ ਕੁਝ ਅਕਾਲ ਪੁਰਖ ਦੇ ਹੱਥ ਵਿਚ ਹੈ।

'ਬੱਝ' ਦੀ ਪਰੀਭਾਸ਼ਾ ਕਰਦਿਆਂ ਹੋਇਆਂ ਇਹ ਕਿਹਾ ਜਾ ਸਕਦਾ ਹੈ ਕਿ ਇਹ 'ਮਾਇਆ ਦੀ ਪੁਤਰੀ' ਐਸੀ ਬਲੀ ਹੈ ਕਿ ਜਿਸ ਦਾ ਇਕੋ ਹੀ ਅਚਾਨਕ ਹਮਲਾ, " **ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ।। ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ।।**" (ਪਨਾ ੧੩੮੩) ਦੇ ਵਾਕ ਅਨੁਸਾਰ ਪੱਕੇ ਸਿੱਖ ਨੂੰ ਵੀ ਗੁਰਮਤਿ ਰਾਹ ਤੋਂ ਉਖੇੜ ਦੇਂਦਾ ਹੈ। ਉਸ ਵੇਲੇ ਮਨੁਖ ਨੂੰ ਅਪਨੀ ਜ਼ਿੰਦਗੀ ਦੀ ਸਾਰੀ ਗੁਰਮਤਿ ਕਮਾਈ ਬਰਬਾਦ ਹੁੰਦੀ ਨਜ਼ਰ ਆਉਂਦੀ ਹੈ। ਮਨੁਖ ਵਿਚ ਬੇਹੌਸਲੀ ਬਹੁਤ ਆ ਜਾਂਦੀ ਹੈ । ਉਹ ਸ਼ਰਧਾ ਦਾ ਬੂਟਾ ਸੁੱਕਨ ਲੱਗ ਪੈਂਦਾ ਹੈ ਤੇ ਇਹ ਉਸਦਾ ਦੁਰਭਾਗ ਹੈ। ਵੱਡੇ ਵੱਡੇ ਹਮਲਿਆਂ ਦੇ ਵੇਲੇ ਤੇ ਕਦੀ ਕਦੀ ਮਨੁਖ ਅਸ਼ਰਧਕ ਵੀ ਹੋ ਜਾਂਦਾ ਹੈ, ਮਨੁਖ ਅਸਲੀ ਰਾਹ ਛਡ ਦੇਂਦਾ ਹੈ ਅਤੇ ਪਾਗਲ ਜਿਹਾ ਹੋ ਜਾਂਦਾ ਹੈ। ਨ ਉਹ ਦੀਨ ਦਾ ਨ ਉਹ ਦੁਨੀ ਦਾ। ਇਹ ਹੈ ਇਸ ਦਾ ਮਾਰੂ ਅਸਰ। ਇਹ ਬੱਝ ਐਸੀ ਬੇਰਸੀ ਦਾ ਨਾਮ ਹੈ ਜਿਸਦਾ ਇਲਾਜ ਬਹੁਤ ਘੱਟ ਗੁਰਮਤਿ ਪਾਂਧੀ



www.AKJ.Org

ਜਾਣਦੇ ਹਨ। ਐਸੀ ਹਾਲਤ ਵਿਚ ਜਦੋਂ ਤੱਕ ਉਹ ਕਿਸੇ ਦਿੱਬ ਦ੍ਰਿਸ਼ਟੀ ਦੀ ਰਾਹਨੁਮਾਈ ਵਿਚ ਨਾ ਆਵੇ, ਇਸ ਨਾ-ਮੁਰਾਦ 'ਬੱਝ' ਦੇ ਪੰਜੇ ਵਿਚੋਂ ਨਹੀਂ ਨਿਕਲ ਸਕਦਾ। ਬੱਝ, ਗੁਰਮਤਿ ਪਾਂਧੀ ਦੀ ਰੁਕੀ ਹੋਈ ਆਤਮਕ ਦਸ਼ਾ (Standstill Spiritual Condition) ਦਾ ਨਾਉਂ ਹੈ। ਇਸ ਵੇਲੇ ਢਹਿੰਦੀ ਕਲਾ, ਬੁਰੇ ਖਿਆਲ ਤੇ ਫੁਰਨੇ ਜਿਹੜੇ ਕਿ 'ਬੱਝ' ਦੇ ਲਸ਼ਕਰ ਦੇ ਰੁਕਨ ਹਨ, ਮਨੁੱਖ ਨੂੰ ਦੋਹਾਂ ਪਾਸਿਆਂ ਤੋਂ ਘੇਰ ਲੈਂਦੇ ਹਨ। ਜਿਵੇਂ 'ਖੋੜਾ' ਆਤਮਕ ਪੋੜ ਦਾ ਫਲ ਹੈ ਇਸੇ ਤਰ੍ਹਾਂ 'ਬੱਝ' ਮਾਇਆ ਦੀ ਪੁਤਰੀ ਵੀ ਹੈ। ਇਹ ਗੁਰਮਤਿ ਦੇ ਪੋੜ ਲਈ ਘੁਣ ਦਾ ਕੰਮ ਕਰਦੀ ਹੈ। ਇਹ ਬੱਝ ਗੁਰਮਤਿ ਦੇ ਚਲਣ ਵਾਲੇ ਦੀ ਉਸ ਭਿਆਨਕ ਦਸ਼ਾ ਦਾ ਨਾਉਂ ਹੈ ਜਿਸ ਵਿਚ ਉਸ ਦੀ ਐਸੀ ਹਾਲਤ ਹੁੰਦੀ ਹੈ ਜਿਵੇਂ ਕੋਈ ਆਪਣੀਆਂ ਅੱਖਾਂ ਸਾਹਮਣੇ ਆਪਣਾ ਮਕਾਨ ਸੜਦਾ ਦੇਖ ਰਿਹਾ ਹੋਵੇ ਤੇ ਉਹ ਆਪ ਬੇਵੱਸ ਹੋਵੇ, ਵਾਹਿਗੁਰੂ ਦੇ ਆਸਰੇ ਤੇ ਹੋਵੇ ਤੇ ਉਸ ਅੱਗੇ ਹੀ ਇਸ ਦੇ ਇਲਾਜ ਲਈ ਬੇਨਤੀ ਕਰ ਰਿਹਾ ਹੋਵੇ। 'ਬੱਝ' ਦਾ ਨਾਉਂ 'ਤੋਟਾ' ਵੀ ਹੈ ਜਿਵੇਂ ਮਨੁਖ ਨੂੰ ਧਨ ਦਾ ਤੋਟਾ ਆਉਂਦਾ ਹੈ, ਉਸਦਾ ਕਾਰੋਬਾਰ ਬੰਦ ਹੋ ਜਾਂਦਾ ਹੈ। ਇਸੇ ਤਰ੍ਹਾਂ ਨਾਮ-ਅਭਿਲਾਸ਼ੀ ਨੂੰ ਵੀ ਆਪਣੇ ਰੋਜ਼ਾਨਾ ਅਭਿਆਸ ਵਿਚ ਤੋਟਾ ਆ ਜਾਵੇ ਤਾਂ ਇਹਨੂੰ 'ਬੱਝ' ਆ ਗਈ ਕਰਕੇ ਕਿਹਾ ਜਾਂਦਾ ਹੈ।

ਆਓ ਹੁਣ ਵਿਚਾਰ ਕਰੀਏ ਕਿ ਇਹ ਬੱਝ ਕਿਸ ਵੇਲੇ ਆਉਂਦੀ ਹੈ। ਉਪਰ ਦੱਸਿਆ ਗਿਆ ਹੈ ਕਿ ਬੁਰੇ ਖਿਆਲਾਤ ਅਤੇ ਫੁਰਨੇ ਇਸ ਬੱਝ ਦੇ ਕਾਰਕੁਨ ਹਨ। ਸੋ ਜਦੋਂ ਵੀ ਸਿੱਖ ਸਿਮਰਨ ਤੇ ਬੈਠਦਾ ਹੈ ਉਦੋਂ ਹੀ ਐਸੇ ਐਸੇ ਖ਼ਿਆਲਾਂ ਦੀ ਘੋੜ ਦੌੜ ਇਸ ਦੇ ਦਿਮਾਗ ਵਿਚ ਸ਼ੁਰੂ ਹੋ ਜਾਂਦੀ ਹੈ ਤੇ ਐਸੀ ਐਸੀ ਸ਼ਕਲਾਂ (ਮਨੁਖਾਂ ਤੇ ਇਸਤਰੀਆਂ) ਦੇ ਦਰਸ਼ਨ ਹੁੰਦੇ ਹਨ ਤੇ ਇਹ ਸ਼ਕਲਾਂ ਸਿਨੇਮਾ ਦੀਆਂ ਚਲਦੀਆਂ ਮੂਰਤਾਂ ਵਾਂਗੂੰ ਭਜਦੀਆਂ ਫਿਰਦੀਆਂ ਹਨ ਜਿਹਨਾਂ ਨੂੰ ਅਸੀਂ ਕਦੇ ਵੀ ਖ਼ਿਆਲ ਵਿਚ ਆਉਣ ਦੀ ਉਮੀਦ ਹੀ ਨਹੀਂ ਕਰਦੇ ਅਤੇ ਜਿਹੜੀਆਂ ਸਾਨੂੰ ਬਿਲਕੁਲ ਹੀ ਭੁੱਲ ਗਈਆਂ ਹੁੰਦੀਆਂ ਹਨ। ਐਸਾ ਕਿਉਂ ਹੁੰਦਾ ਹੈ ? ਕਾਰਣ ਇਹ ਹੈ ਕਿ ਸਾਡੇ ਅੰਤ੍ਰੀਵੀ ਹਿਰਦੇ ਵਿਚ ਕੁਝ ਕੁ 'ਨਾ ਪੂਰੀਆਂ ਹੋਈਆਂ ਇਛਾਵਾਂ' (Unfulfilled Desires) ਹੁੰਦੀਆਂ ਹਨ ਅਤੇ ਉਹ ਮਨ ਦੀ ਗੰਦਗੀ ਦੇ ਕਾਰਨ ਜਦੋਂ ਕਦੀ ਮੌਕਾ ਦੇ ਖਦੀਆਂ ਹਨ ਫੇਰ ਨਮੂਦਾਰ (ਜ਼ਾਹਿਰ) ਹੋ ਜਾਂਦੀਆਂ ਹਨ। ਇਸੇ ਕਾਰਨ ਅਸੀਂ ਐਸਾ ਸੋਚਣਾ ਨਾ-ਪਸੰਦ ਕਰਦਿਆਂ ਹੋਇਆਂ ਵੀ ਐਸਾ ਸੋਚਦੇ ਹਾਂ ਅਤੇ ਮੱਲੋ ਮੱਲੀ ਐਸੇ ਵਿਚਾਰਾਂ ਵਾਲੀ ਪਰੇਸ਼ਾਨੀ ਦਾ ਸ਼ਿਕਾਰ ਬਣ ਜਾਂਦੇ ਹਾਂ। ਇਸ ਦਾ ਇਲਾਜ ਇਹ ਹੈ ਕਿ ਉਸ ਵੇਲੇ (ਸਿਮਰਨ ਵੇਲੇ) **ਤੀਖਣ ਬਾਣ ਚਲਾਏ ਹਰਿ ਹਰਿ ਗਾਈਐ** ਮਹਾਂਵਾਕ ਯਾਦ ਕਰਕੇ ਖੰਡੇ ਖੜਕਾਉਣ ਦਾ ਐਸਾ ਹੜ੍ਹ ਚਲਾਓ ਕਿ ਐਸੇ ਕਿਸਮ ਦੇ ਸਾਰੇ ਵਿਚਾਰ ਉਸ ਹੜ੍ਹ ਵਿਚ ਰੁੜ੍ਹ ਜਾਣ। ਤਾਂ ਫੇਰ ਗੁਰਸਿਖ ਦਾ ਮਨ **'ਆਂਧੀ ਪਾਛੇ ਜੋ ਜਲੁ ਬਰਖੈ, ਤਿਹਿ ਤੇਰਾ ਜਨ ਭੀਨਾ'** ਦੀ ਤਰ੍ਹਾਂ ਹਲਕਾ ਫੁਲਕਾ ਹੋ ਜਾਵੇਗਾ।

ਸਾਫ਼ ਜ਼ਾਹਿਰ ਹੋਇਆ ਕਿ ਸਿਮਰਨ ਵਿਚ ਬੈਠਿਆਂ ਹੋਇਆਂ ਇਸ ਪ੍ਰਕਾਰ ਦੇ ਬੁਰੇ ਖ਼ਿਆਲਾਂ ਦਾ ਆਉਣਾ 'ਬੱਝ' ਦੇ ਇੱਕ ਛੋਟੇ ਜਿਹੇ ਕਾਰਕੁਨ ਦਾ ਇਕ ਛੋਟਾ ਜਿਹਾ ਸਧਾਰਨ ਫੇਰਾ ਹੈ। ਅੰਦਾਜ਼ਾ ਲਾਉ ਕਿ ਜਿਸ ਦੇ ਛੋਟੇ ਜਿਹੇ ਨੌਕਰ ਚਾਕਰ ਅਜਿਹੇ ਹਨ ਉਹ ਆਪ ਕਿਹੋ ਜਿਹੀ ਭਿਆਨਕ ਹੋਵੇਗੀ। ਇਸ ਬੱਝ ਦੀ ਚੋਟ ਦਾ ਦੁੱਖ ਉਹੀ ਜਾਣਦਾ ਹੈ ਜਿਸ ਨੇ ਇਹ ਚੋਟ ਖਾਧੀ ਹੋਵੇ।

ਇਥੇ ਮੈਨੂੰ ਇਕ ਮਿੱਤਰ ਗੁਰਮੁਖ ਦੀ ਯਾਦ ਆਉਂਦੀ ਹੈ ਜਿਹੜੇ ਮੈਨੂੰ ੧੯੫੩ ਵਿਚ ਮਿਲੇ। ਉਹ ਸਰਬਲੋਹੀ ਸਿੰਘ ਸਨ। ਛੋਟੀ ਜੇਹੀ ਉਮਰ ਵਿਚ ਵਡੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਪਿਆਰੇ ਬਣ ਗਏ। ਵਡੇ ਭਾਈ ਸਾਹਿਬ ਉਸ ਨੂੰ ਮੇਰਾ ਪਿਆਰਾ ਕਹਿ ਕੇ ਪੁਕਾਰਦੇ ਸਨ। ਅਸੀਂ ਕੁਝ ਸਿੰਘ ਉਸ ਗੁਰਮੁਖ ਸਰਬਲੋਹੀ ਪਾਸ ਜਾਇਆ ਕਰਦੇ ਤੇ ਉਨ੍ਹਾਂ ਕੋਲ ਕੀਰਤਨ ਦਾ ਅਨੰਦ ਮਾਣਿਆ ਕਰਦੇ। ਚੜ੍ਹਦੀ ਕਲਾ ਦੇ ਸਿੰਘ ਦਾ ਗੁਰਬਾਣੀ ਵਲ ਪ੍ਰੇਮ ਦੇਖ ਕੇ ਤੇ ਉਨ੍ਹਾਂ ਦੇ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਤੇ ਸੰਗਤ ਵਿਚ ਬੈਠਣ ਦੇ ਅਦਬ ਅਦਾਬ ਨੂੰ ਵੇਖ ਕੇ ਅਸੀਂ ਕਿਹਾ ਕਰਦੇ ਕਿ ਐਸਾ ਮਾਲੂਮ ਹੁੰਦਾ ਹੈ ਕਿ ਗੁਰੂ ਸਾਹਿਬਾਨ ਨੇ ਸਿਖੀ ਪ੍ਰੇਮ ਦਾ ਸਾਰਾ ਭੰਡਾਰਾ ਇਸ ਸਿਖ ਅਗੇ ਹੀ ਲੁਟਾ ਦਿਤਾ ਹੈ। ਉਨ੍ਹਾਂ ਦੇ ਬਚਨਾਂ ਨੂੰ ਅਸੀਂ ਗੁਰਸਿਖੀ ਅਸੂਲ ਕਰਕੇ ਸਮਝਦੇ। ਮੈਨੂੰ ਅਜੇ ਅੰਮ੍ਰਿਤ ਦੀ ਦਾਤ ਦੀ ਪ੍ਰਾਪਤੀ ਦਾ ਸੁਭਾਗ ਪ੍ਰਾਪਤ ਨਹੀਂ ਸੀ ਹੋਇਆ ਤੇ ਅਜੇ ਮੈਂ ਛਕਣ ਦੀ ਤਿਆਰੀ ਹੀ ਕਰ ਰਿਹਾ ਸੀ। ਮੈਂ ਹੈਰਾਨਗੀ ਨਾਲ ਉਨ੍ਹਾਂ ਦੇ ਬਚਨ ਸੁਣ ਸੁਣ ਕੇ ਕੁਝ ਕੁ ਗੁਰਮਤਿ ਤੇ ਚਲਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਨ੍ਹਾਂ ਗੁਰਮੁਖਾਂ ਤੋਂ ਦਾਸ ਨੂੰ ਖ਼ਾਸ ਕਰਕੇ ਇਕ ਰਾਤ ਕੀਰਤਨ ਤੋਂ ਮਗਰੋਂ ਠਹਿਰਨ ਦਾ ਹੁਕਮ ਹੋਇਆ ਤੇ ਫ਼ਿਰ ਦਾਸ ਤੇ ਐਸੀ ਕ੍ਰਿਪਾ ਕੀਤੀ ਤੇ ਬਹੁ-ਮੁਲੇ ਬਚਨ ਕੀਤੇ ਜੋ ਗੁਰਸਿਖੀ ਲਈ ਚਾਨਣ-ਮੁਨਾਰਾ ਕਹੇ ਜਾ ਸਕਦੇ ਹਨ। ਇਹ ਗੁਰਮਤਿ ਗਿਆਨ ਵਾਹਿਗੁਰੂ ਦੀ ਦਾਤ ਹੈ ਜਦੋਂ ਚਾਹੇ ਵਾਪਸ ਲੈ ਲਵੇ ਤੇ **"ਅਜਹੁ ਸੁ ਨਾਉ ਸਮੁੰਦਰ ਮਹਿ, ਕਿਆ ਜਾਨਉ ਕਿਆ ਹੋਇ"** ਵਾਕ ਅਨੁਸਾਰ ਭੋਲੇ ਭਾਲੇ ਗੁਰਸਿਖ ਨੂੰ ਬੱਝ ਨੇ ਆ ਘੇਰਿਆ ਤੇ ਜਿੰਨਾਂ ਜ਼ਿਆਦਾ ਗੁਰਮੁਖ ਪਿਆਰੇ ਨੂੰ ਗੁਰਸਿਖੀ ਨਾਲ ਪਿਆਰ



www.AKJ.Org

ਸੀ ਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਬਚਨਾਂ ਦਾ ਆਸ਼ਕ ਸੀ, ਉਨਾਂ ਹੀ ਬੱਝ ਨੇ ਉਸ ਨੂੰ ਦੂਰ ਸੁੱਟ ਦਿਤਾ। ਉਹ ਸਿਖ **'ਕਾਠ ਕੀ ਪੁਤਰੀ ਕਹਾ ਕਰੇ ਬਪੁਰੀ ਖਿਲਾਵਨਹਾਰੋ ਜਾਨੈ'** ਦੇ ਅਨੁਸਾਰ ਜ਼ਮਾਨੇ ਦੀਆਂ ਠੋਕਰਾਂ ਲਈ ਫੁਟਬਾਲ ਵਾਂਗੂੰ ਭਟਕਣ ਲੱਗਾ। ਉਹ ਭਟਕਦਾ ਭਟਕਦਾ, ਨ ਜਾਨੇ, ਕਿਥੇ ਕਿਥੇ ਗਿਆ ਤੇ ਕੀ ਕੀ ਕੀਤਾ, ਤੇ ਉਸ ਨਾਲ ਕੀ ਕੀ ਬੀਤੀ। ਉਹ ਆਪ ਹੈਰਾਨ ਸੀ ਕਿ ਇਹ ਸਭ ਕੁਝ ਬੇ-ਵਸਾ ਕੀ ਹੋ ਰਿਹਾ ਹੈ ? ਇਹ ਬੱਝ ਦਾ ਹਮਲਾ ਉਸ ਉਤੇ ਉਸ ਜ਼ਾਲਮ ਦੁਸ਼ਮਨ ਦੇ ਹਮਲੇ ਵਾਂਗੂੰ ਸੀ ਜੋ ਆਪਣੇ ਦੁਸ਼ਮਨ ਨੂੰ ਪਹਿਲੇ ਮਾਰ ਮਾਰ ਕੇ ਬੇਹੋਸ਼ ਕਰ ਲਵੇ, ਫਿਰ ਪਾਣੀ ਪਿਲਾ ਕੇ ਹੋਸ਼ ਵਿਚ ਲਿਆਵੇ, ਫੇਰ ਮਾਰ ਮਾਰ ਕੇ ਬੇਹੋਸ਼ ਕਰੇ, ਫੇਰ ਪਾਣੀ ਪਿਲਾਵੇ ਤੇ ਇਸੇ ਤਰ੍ਹਾਂ ਕਰ ਕਰ ਕੇ ਅੰਤ ਵਿਚ ਅਤੀ ਦੁਖੀ ਕਰਕੇ ਮਾਰੇ।

ਜਦੋਂ ਕਦੀ ਵੀ ਉਸ ਗੁਰਸਿਖ ਨੂੰ ਹੋਸ਼ ਆਉਂਦੀ, ਉਹ ਸੋਚਦਾ ਕਿ ਮੈਂ ਗਲਤੀ ਤੇ ਹਾਂ ਪਰ ਬੱਝ ਨੇ ਇਸਨੂੰ ਨਹੀਂ ਛੱਡਿਆ ਅਤੇ ਅੰਤ ਵਿਚ ਇਸਨੂੰ ਮੁਰਦਾ ਸਮਝ ਕੇ ਕੁਝ ਸਮੇਂ ਲਈ ਛੱਡ ਗਈ। ਉਸੇ ਗੁਰਸਿਖ ਦੀ ਅਰਦਾਸ ਨੇ ਉਸ ਨੂੰ ਫਿਰ ਸੁਰਜੀਤ ਕੀਤਾ ਅਤੇ ਉਹ ਸਿਖ ਗੁਰੂ-ਕਿਰਪਾ ਨਾਲ ਤੇ ਕੁਝ ਕੁ ਪੂਰਬਲੇ ਕਰਮਾਂ ਦੇ ਫਲਸਰੂਪ ਬੱਝ ਦੇ ਪੰਜੇ ਵਿਚੋਂ ਨਿਕਲ ਗਿਆ। ਜੋ ਕੋਈ ਵੀ ਉਸ ਗੁਰਸਿਖ ਬਾਰੇ ਸੁਣਦਾ ਤਰਸ ਕਰਦਾ ਤੇ ਅਰਦਾਸੇ ਕਰਦਾ। ਮੈਂ ੧੨ ਸਾਲ ਮਗਰੋਂ ਉਸਦੇ ਘਰ ਗਿਆ। ਮਿਲਾਪ ਹੋਣ ਤੋਂ ਮਗਰੋਂ ਦੋ ਦਿਨ ਉਸਦੇ ਘਰ ਰਿਹਾ। ਇਸ ਦੌਰਾਨ ਵਿਚ ਉਹ ਸਿਖ ਇਤਨਾ ਰੋਇਆ, ਇਤਨਾ ਰੋਇਆ ਕਿ ਮੈਂ ਹੈਰਾਨ ਸਾਂ ਕਿ ਇਤਨਾ ਸਖ਼ਤ ਸਦਮਾ ਉਸਨੇ ਕਿਵੇ ਬਰਦਾਸ਼ਤ ਕੀਤਾ। ਹੁਣ ਫਿਰ ਗੁਰਸਿਖ ਉਤੇ ਗੁਰੂ ਦੀ ਕਿਰਪਾ ਹੈ ਅਤੇ ਆਸ ਹੈ ਕਿ ਕੁਝ ਚਿਰ ਮਗਰੋਂ ਫੇਰ ਉਹ ਉਸੇ ਹਾਲਤ ਤੇ ਆ ਜਾਏਗਾ ਪਰ ਘਾਲਣਾ ਦੀ ਜ਼ਰੂਰਤ ਹੈ। ਹੁਣ ਉਸਦੀ ਹਾਲਤ ਇਕ ਐਸੇ ਮਨੁਖ ਦੀ ਤਰ੍ਹਾਂ ਹੈ ਜਿਸਨੇ ਪਹਿਲਾਂ ਗੁਰਮਤਿ ਦਾ ਸਮਾਂ ਸੁਫਨੇ ਵਿਚ ਕਟਿਆ ਹੋਵੇ ਤੇ ਜਾਗਣ ਤੇ ਕੁਝ ਕੁਝ ਸੁਫਨੇ ਦੇ ਹਾਲਾਤ ਉਸ ਨੂੰ ਯਾਦ ਹੋਣ। ਗੁਰੂ ਮਿਹਰ ਕਰੇ, ਤੇ ਬੱਝ ਦੀ ਐਸੀ ਚਪੇੜ ਤੋਂ ਬਚਾਈ ਰੱਖੇ। ਜਿੰਨੀ ਜ਼ਿਆਦਾ ਚੜ੍ਹਦੀ ਕਲਾ ਦਾ ਸਿਖ ਸੀ ਓਨੀ ਹੀ ਜ਼ਬਰਦਸਤ ਬੱਝ ਦੀ ਚੋਟ ਲੱਗੀ। ਛੋਟੀ ਛੋਟੀ ਆਤਮਕ ਦਸ਼ਾ ਵਾਲਿਆਂ ਲਈ ਤਾਂ ਬੱਝ ਦੇ ਛੋਟੇ ਛੋਟੇ ਹਮਲੇ ਹੀ ਕਾਫ਼ੀ ਹਨ। ਕੁਝ ਵਿਚਾਰੇ ਭੋਲੇ ਭਾਲੇ ਸਿਖ ਇਸ ਦੇ ਪੰਜੇ ਵਿਚ ਫਸਕੇ ਐਸਾ ਭਟਕਦੇ ਹੀ ਰਹਿੰਦੇ ਹਨ। ਗੁਰਸਿਖੀ ਮਾਰਗ ਖੰਡੇ ਦੀ ਧਾਰ ਵਰਗਾ ਹੈ 'ਕੋਈ ਵਿਰਲਾ ਗੁਰਮਤਿ ਚਲੈ ਜੀਉ।।' **ਸੋ ਮਨੁਖ ਦੀ ਆਤਮਕ ਦਸ਼ਾ ਦੇ ਉਤਾਰ ਚੜ੍ਹਾਉ ( Rise and Fall) ਦਾ ਨਾਉ ਬੱਝ ਹੈ।**

ਫਿਰ ਇਹ ਬੱਝ ਕਦੀ ਕਦੀ ਉਸ ਵੇਲੇ ਆਉਂਦੀ ਹੈ ਜਦੋਂ ਕਿ ਮਨੁਖ ਹਰ ਰੋਜ਼ ਬੜੇ ਪ੍ਰੇਮ ਨਾਲ ਨਿਤਨੇਮ ਤੇ ਸਿਮਰਨ ਤੇ ਬਾਣੀ ਵਿਚਾਰ ਕਰਦਾ ਹੋਇਆ ਇਕ ਦਮ ਪਾਠ, ਸਿਮਰਨ ਤੇ ਗੁਰਬਾਣੀ ਵਿਚਾਰ ਵਿਚ ਬੇਰਸੀ ਅਨੁਭਵ ਕਰਨ ਲੱਗ ਪੈਂਦਾ ਹੈ ਅਤੇ ਉਦੋਂ ਜੇ ਕਰ ਇਕ ਅੱਧ ਕੰਮ ਇਸਦੀ ਮਰਜ਼ੀ ਦੇ ਖ਼ਿਲਾਫ਼ ਹੋ ਜਾਏ ਤਾਂ ਬੱਸ ਫਿਰ ਸ਼ਰਧਾ ਵੀ ਖ਼ਤਮ ਹੋ ਜਾਂਦੀ ਹੈ ਤੇ ਫਿਰ ਇਸ ਦੇ ਦਿਲ ਵਿਚ ਇਹ ਵਿਚਾਰ ਆਉਣ ਲੱਗ ਪੈਂਦਾ ਹੈ ਕਿ ਭਗਤੀ ਵਗਤੀ ਸਭ ਬੇਕਾਰ ਹੈ ਅਤੇ ਅੰਤ ਵਿਚ ਉਹ ਮਨੁਖ ਆਤਮਾ ਦੀ ਖੜ੍ਹ ਜਾਣ ਵਾਲੀ (Stand still) ਹਾਲਤ ਵਿਚ ਆ ਜਾਂਦਾ ਹੈ। ਉਥੋਂ ਜੇ ਉਹ ਇਹ ਸਾਰੀਆਂ ਗੱਲਾਂ ਹੁੰਦਿਆਂ ਹੋਇਆਂ ਆਪਣੇ ਧੁਰੇ ਤੇ ਕਾਇਮ ਰਿਹਾ ਤਾਂ ਤੇ ਬੱਝ ਵਿਚੋਂ ਨਿਕਲ ਜਾਵੇਗਾ, ਨਹੀਂ ਤਾਂ ਬੱਝ ਵਿਚ ਹੀ ਬੱਝ ਜਾਵੇਗਾ ਅਤੇ ਸਭ ਕੁਝ ਲੁਟਾ ਦੇਵੇਗਾ। ਇਹ ਧਰਮ ਦਾ ਰਸਤਾ ਕੰਡਿਆਂ ਦੀ ਸੇਜ ਕਿਉਂ ਹੈ ? ਇਸ ਵਾਸਤੇ ਕਿ ਕਦਮ ਕਦਮ ਤੇ ਰੁਕਾਵਟ, ਤੇ ਕਦਮ ਕਦਮ ਤੇ ਇਸ ਤੋਂ ਗਿਰਨ ਦਾ ਡਰ ਰਹਿੰਦਾ ਹੈ।

**ਗੁਰੂ ਸਾਹਿਬਾਨ ਦੀ ਹਜ਼ੂਰੀ ਵਿਚ ਬੈਠੇ ਹੋਇ ਜਦੋ ਕੋਈ ਸਿਖ ਹੁਕਮਨਾਮਾ ਲੈ ਰਿਹਾ ਹੁੰਦਾ ਹੈ ਤਾਂ ਜੇ ਦਿਲ ਵਿਚ ਇਹ ਖ਼ਿਆਲ ਆਵੇ ਕਿ ਹੁਕਮਨਾਮਾ ਛੋਟਾ ਜਿਹਾ ਹੋਵੇ, ਲੰਮਾ ਨਾ ਹੋਵੇ , ਤਾਂ ਸਮਝੋ ਇਹ ਵੀ ਬੱਝ ਦਾ ਹੀ ਸਾਇਆ ਹੈ।** ਫਿਰ ਜੇ ਸਿਖ ਆਪ ਵਾਕ ਨਾ ਲੈ ਰਿਹਾ ਹੋਵੇ, ਆਪ ਹੁਕਮਨਾਮਾ ਸੁਣ ਰਿਹਾ ਹੋਵੇ ਅਤੇ ਹੁਕਮਨਾਮਾ ਸੁਣਦੇ ਸੁਣਦੇ ਦੇਰ ਹੋ ਜਾਵੇ, ਤਾਂ ਇਸ ਦੇ ਦਿਲ ਵਿਚ ਤਲਮਲਾਹਟ (ਕਾਹਲੀ) ਜੇਹੀ ਪੈਦਾ ਹੋਣ ਲੱਗੇ ਤਾਂ ਫੇਰ ਇਹ ਵੀ ਬੱਝ ਦਾ ਸਾਇਆ ਹੀ ਸਮਝੋ। ਭਲਾ ਮਨ ਤੋਂ ਕੋਈ ਪੁਛੇ ਕਿ ਤੂੰ ਗੁਰੂ ਸਾਹਿਬਾਨ ਦੀ ਹਜ਼ੂਰੀ ਛੱਡ ਕੇ ਹੋਰ ਕਿਹੜੀ ਚੰਗੀ ਥਾਂ ਤੇ ਜਾਣ ਲਈ ਉਤਾਵਲਾ ਹੋ ਰਿਹਾਂ ਹੈਂ। ਐਸੇ ਸਮੇਂ ਤੇ ਆਪਣੇ ਆਪ ਨੂੰ ਮਨੁਖ ਗਿਆਨ ਖੜਗ ਨਾਲ ਕਾਬੂ ਕਰੇ ਅਤੇ ਮਨ ਹੀ ਮਨ ਵਿਚ 'ਵਾਹਿਗੁਰੂ' ਮੰਤਰ ਦੀ ਰਟ ਜ਼ੋਰ ਜ਼ੋਰ ਨਾਲ ਲਗਾਵੇ ਤਾਂ ਫਿਰ ਐਸੇ ਵਿਚਾਰ ਆਉਣੇ ਬੰਦ ਹੋ ਜਾਣਗੇ। **'ਗਿਆਨ ਕਾ ਬਧਾ ਮਨ ਰਹੈ ਗੁਰ ਬਿਨ ਗਿਆਨ ਨ ਹੋਇ।।'**

ਗੁਰਸਿਖਾਂ ਤੇ ਸਿੰਘਣੀਆਂ ਦੇ ਦਰਸ਼ਨ ਕਰਨ ਲਈ ਮਨੁਖ ਬਹੁਤ ਸ਼ਰਧਵਾਨ ਹੁੰਦਾ ਹੈ ਅਤੇ ਆਪਣੇ ਆਪ ਨੂੰ ਸੁਭਾਗਾ ਸਮਝਦਾ ਹੈ, ਕਿਉਂ ਜੋ :-

**ਜੇ ਵਡਭਾਗ ਹੋਵਹਿ ਵਡ ਮੇਰੇ**



www.AKJ.Org

ਜਨ ਮਿਲਦਿਆ ਢਿਲ ਨ ਲਾਈਐ॥
ਹਰਿ ਜਨ ਅੰਮ੍ਰਿਤ ਕੁੰਟ ਸਰ ਨੀਕੇ
ਵਡਭਾਗੀ ਤਿਤੁ ਨਾਵਾਈਐ॥(ਪੰਨਾ ੮੮੧)

ਗੁਰਸਿਖਾਂ ਦੇ ਦਰਸ਼ਨ ਵਡੇ ਭਾਗਾਂ ਨਾਲ ਹੁੰਦੇ ਹਨ ਪਰ ਜੇ ਉਸ ਵੇਲੇ ਮੰਦੇ ਭਾਗਾਂ ਨਾਲ ਸਾਡੇ ਉਤੇ ਚਿਰਮ ਦ੍ਰਿਸ਼ਟੀ ਪਰਬਲ ਹੋ ਜਾਵੇ ਤਾਂ ਫਿਰ ਇਹ ਵੀ ਬੱਝ ਦਾ ਸਾਇਆ ਹੀ ਸਮਝੋ। ਕਦੀ ਕਦੀ ਆਦਮੀ ਰਹਿਤਾਂ ਤੋਂ ਉਪਰਾਮਤਾ ਦਾ ਅਨੁਭਵ ਕਰਨ ਲਗ ਪੈਂਦਾ ਹੈ ਤੇ ਉਸਦਾ ਸਤਿ ਸੰਗਤਿ ਵਿਚ ਦਿਲ ਨਹੀਂ ਲਗਦਾ। ਮਨ ਦੇ ਵਸ ਵਿਚ ਆ ਕੇ ਆਪਣੇ ਆਪ ਨੂੰ ਧੋਖਾ ਦੇਣ ਲਈ ਇਹ ਕਹਿ ਕੇ ਕਿ ਜ਼ਰਾ ਹਵਾ ਖੋਰੀ ਕਰ ਆਵਾਂ, ਕੁਝ ਥਕੇਵਾ ਉਤਾਰ ਆਵਾਂ, ਸੰਗਤਿ ਤੋਂ ਬਾਹਰ ਚਲਾ ਜਾਂਦਾ ਹੈ ਤੇ ਆਕੜ ਕੇ ਸੰਗਤਿ ਦੇ ਪਿਛੇ ਕੰਧ ਨਾਲ ਖੜੋ ਜਾਂਦਾ ਹੈ ਤੇ ਕਦੀ ਕਦੀ ਫੇਰ ਉਥੇ ਹੀ ਗਪ ਸ਼ੜੱਪ ਵੀ ਕਰਨ ਲਗ ਪੈਂਦਾ ਹੈ ਤੇ ਆਪਣੇ ਦਿਮਾਗ ਦੀ ਉਹ ਗੁਰਮਤਿ ਰਸ ਲੜੀ ਟੁੱਟ ਜਾਣ ਦੀ ਪ੍ਰਵਾਹ ਨਹੀਂ ਕਰਦਾ ਤੇ ਹੋਰ ਵੀ ਵੇਖੋ, ਕਿਸੇ ਸਿਧੇ ਸਾਦੇ, ਭੋਲੇ ਭਾਲੇ ਸਿੱਖ ਨੂੰ ਪਾਠ ਕਰਦਾ ਦੇਖ ਕੇ ਮਨ ਵਿਚ ਉਸਦੇ ਪਾਖੰਡੀ ਹੋਣ ਦਾ ਵਿਚਾਰ ਵੀ ਲੈ ਆਉਂਦਾ ਹੈ ਤਾਂ ਫਿਰ ਇਹ ਵੀ ਬੱਝ ਦਾ ਸਾਇਆ ਹੀ ਸਮਝੋ। ਕੋਈ ਸਿੱਖ ਦੂਜਿਆਂ ਨੂੰ ਨਾਮ ਬਾਣੀ ਵਿੱਚ ਲੱਗੇ ਹੋਏ ਦੇਖ ਕੇ ਕਦੀ ਵੀ ਨਫ਼ਰਤ ਨਾ ਕਰੇ ਤੇ ਨਾ ਐਸਾ ਸੋਚੇ। ਕੀ ਪਤਾ ਵਾਹਿਗੁਰੂ ਦੀ ਇਸ ਉਤੇ ਬਖਸ਼ਿਸ਼ ਹੀ ਹੋਈ ਹੋਈ ਹੋਵੇ।

ਨਿਹਾਇਤ ਹੀ ਸ਼ੁੱਭ ਸਮੇਂ ਜਦੋਂ ਕਿ ਸਿੱਖ ਆਪਣੇ ਆਪ ਨੂੰ ਆਤਮਕ ਰੰਗਣ ਵਿੱਚ ਮਹਿਸੂਸ ਕਰਦਾ ਹੈ, ਉਸ ਵੇਲੇ ਇਹ ਬੇ-ਹਯਾ, ਬੇ-ਸ਼ਰਮ ਤੇ ਬੇ-ਦਰਦ ਬੱਝ ਆ ਸ਼ਕਲ ਵਿਖਾਂਦੀ ਹੈ ਅਤੇ ਸਾਰਾ ਮਜ਼ਾ ਕਿਰ-ਕਿਰਾ ਕਰ ਦੇਂਦੀ ਹੈ। ਇਹ ਸਿੱਖ ਦੀ ਬਦ-ਕਿਸਮਤੀ ਦੀ ਨਿਸ਼ਾਨੀ ਹੈ। ਉਸ ਹਾਲਤ ਤੇ ਕੇਹਾ ਸੋਹਣਾ ਮਹਾਂਵਾਕ ਢੁਕਦਾ ਹੈ-

ਤਤੀ ਤੋਇ ਨ ਪਲਵੈ ਜੇ ਜਲਿ ਟੁਬੀ ਦੇਇ॥
ਫਰੀਦਾ ਜੋ ਡੋਹਾਗਣਿ ਰਬ ਦੀ ਝੂਰੇਦੀ ਝੂਰੇਇ॥
(ਪੰਨਾ ੧੩੮੧)

ਇਸ ਬੱਝ ਦੇ ਅਸਰ ਥੱਲੇ ਮਨੁੱਖ, ਸਾਧ ਸੰਗਤ ਤੇ ਗੁਰਸਿੱਖਾਂ ਦੇ ਹਲਕੇ ਵਿੱਚ ਹੁੰਦਿਆਂ ਹੋਇਆ ਵੀ ਆਤਮਕ ਲਾਭ ਤੋਂ ਖਾਲੀ ਰਹਿ ਜਾਂਦਾ ਹੈ ਤੇ 'ਇਕਿ ਜਾਗੰਦੇ ਨ ਲਹਨਿ ਇਕਨਾ ਸੁਤਿਆਂ ਦੇਇ ਉਠਾਲਿ' ਵਾਲਾ ਮਾਮਲਾ ਬਣ ਜਾਂਦਾ ਹੈ।

ਅਰਦਾਸ ਕਰੋ, ਗੁਰ ਸਿਖੋ ! ਕਿ ਇਹੋ ਜਿਹੀ ਨਾ-ਮੁਰਾਦ ਬੱਝ ਨੂੰ ਵਾਹਿਗੁਰੂ ਸਭ ਤੋਂ ਦੂਰ ਰਖੇ !

**********

ਪੰਨਾ ੨੬ ਦੀ ਬਾਕੀ......

Duar the dripping Elixir has no parallel nactor. Those, who par take it, are merged in God Himself.

ਸਬਦ ਸੁਰਤਿ ਲਿਵ ਲੀਨ ਜਲ ਮੀਨ ਗਤਿ,
ਸੁਖਮਨਾ ਸੰਗਮ ਹੁਇ ਉਲਟਿ ਪਵਨ ਕੈ।
ਬਿਸਮ ਬਿਸਾਸ ਬਿਖੈ ਅਨਤੈ ਅਭਿਆਸ ਰਸ,
ਪ੍ਰੇਮ ਮਧੁ ਅਪਿਉ ਪੀਵੈ ਗੁਹਜ ਗਵਨ ਕੈ॥
ਸਬਦ ਕੈ ਅਨਹਦ ਸੁਰਤਿ ਕੈ ਉਨਮਨੀ,
ਪ੍ਰੇਮ ਕੈ ਨਿਝਰ ਧਾਰ ਸਹਜ ਰਵਨ ਕੈ॥
ਤ੍ਰਿਕੁਟੀ ਉਲੰਘਿ ਸੁਖ ਸਾਗਰ ਸੰਜੋਗ ਭੋਗ॥
ਦਸਮ ਮਥਲ ਨਿਹਕੇਵਲ ਭਵਨ ਕੈ॥ ੨੯੧॥
(ਕਬਿਤ ਸਵੈਯੇ ਭਾ: ਗੁਰਦਾਸ ਜੀ)

One should meditate on Nam just as fish cannot live without water. Meditating with every breath, one should drink the Elixir from the secret Dasam Duar- enjoying the celestial music and the sweetest nector of Nam of Divine Love. Beyond the three states and in the fourth state of Divine knowledge and Liberation one enjoys meeting the Lord.

ਵਾਹਿਗੁਰੂ ਸਾਲਾਹਣਾ ਗੁਰ ਸਬਦ ਅਲਾਏ॥
(ਭਾ: ਗੁਰਦਾਸ ਜੀ ਵਾਰ ੯, ਪਉੜੀ ੨੩)

To praise God is to ulter the Word.

ਬਾਰੰ ਬਾਰ ਬਾਰ ਪ੍ਰਭ ਜਪੀਐ॥
ਪੀ ਅੰਮ੍ਰਿਤ ਇਹ ਮਨ ਤਨ ਧ੍ਰਪੀਐ॥

Gurbani Time and again instructs to meditate on Nam and tells of the accruing benefits to the individual. This is prime objective of a human birth. All other pursuits are sources of pain and misery. This life is a rare Divine gift and an opportunity that must be lost. The need to act is here and now and brooks no delay. (To be Continued)



www.AKJ.Org

# ਇਨਿ ਬਿਧਿ ਨਗਰੁ ਵੁਠਾ ਮੇਰੇ ਭਾਈ

(ਪ੍ਰਿੰ: ਸੱਜਣ ਸਿੰਘ ਜੀ)

ਪੰਜਾਂ ਦੀ ਗਿਣਤੀ ਦੀ ਖਾਸ ਮਹੱਤਤਾ ਹੈ। ਇਸ ਦਾ ਮੁੱਢ ਅਕਾਲ ਪੁਰਖ ਦੇ ਹੁਕਮ ਦੁਆਰਾ ਬੱਝਾ ਜਦ ਕਿ ਜੀਵ ਦੇ ਸਰੀਰ ਨਾਲ ਹੱਥਾਂ ਤੇ ਪੈਰਾਂ ਦੀਆਂ ਪੰਜ ਪੰਜ ਉਂਗਲਾਂ ਲੱਗੀਆਂ। ਜਿਹੜਾ ਕੰਮ ਇਕੱਲੀ ਉਂਗਲ ਕਰਨ ਤੋਂ ਅਸਮਰਥ ਹੈ, ਉਹ ਪੰਜਾਂ ਉਂਗਲੀਆਂ ਦੇ ਸਮੂਹਕ ਬਲ ਦੁਆਰਾ ਸਹਜੇ ਹੀ ਸਿਰੇ ਚੜ੍ਹ ਜਾਂਦਾ ਹੈ। ਤਾਂਹੀਓ ਤਾਂ ਇਹ ਇਤਫਾਕ ਤੇ ਬਲ ਦਾ ਪ੍ਰਤੀਕ ਹੈ। ਪੰਜਾਂ ਨੂੰ ਪੰਚ ਜਨਾਂ ਦੇ ਰੂਪ ਵਿੱਚ ਮਾਨਤਾ ਮਿਲਣੀ ਤੇ ਇਹਨਾਂ ਦਾ ਨਿਰਣਾ ਤੇ ਫੈਸਲਾ ਸਭ ਨੂੰ ਪਰਵਾਨ ਹੋਣਾ ਇਸ ਦੀ ਪ੍ਰਤੱਖ ਉਦਾਹਰਣ ਹੈ। ਸਿੱਖ ਜਗਤ ਵਿੱਚ ਪੰਚ ਜਨਾਂ ਦਾ ਵਿਸ਼ੇਸ਼ ਅਸਥਾਨ ਹੈ।

ਇਨਸਾਨ ਦੇ ਮਨ ਖੇਤਰ ਵਿੱਚ ਵੀ ਦੈਵੀ ਵਿਰਤੀ ਤੇ ਸ਼ੈਤਾਨੀ ਬਿਰਤੀ ਦਾ ਨਿਰੰਤਰ ਸੰਘਰਸ਼ ਸ਼ੁਰੂ ਤੋਂ ਹੀ ਚਲਦਾ ਆਇਆ ਹੈ। ਜਿਸ ਦਾ ਪੱਲੜਾ ਭਾਰੂ ਹੁੰਦਾ ਹੈ, ਉਹ ਆਪਣੀ ਮਰਜ਼ੀ ਨਾਲ ਵਿਚਾਰਾਂ ਨੂੰ ਅਮਲ ਦਾ ਰੂਪ ਦਿੰਦਾ ਹੈ। ਦੇਖਿਆ ਜਾਏ ਤਾਂ ਲਗਭਗ ਸਾਰਾ ਸੰਸਾਰ ਪੰਜਾਂ ਡਾਕੂਆਂ, ਲੁਟੇਰਿਆਂ ਦੀ ਮਾਰ ਨਾਲ ਅਧਮੋਆ ਅੰਮ੍ਰਿਤ ਜੈਸੀ ਅਮੋਲਕ ਵਸਤੂ ਆਪਣੇ ਹੱਥੀਂ ਲੁਟਾਂਦਾ ਪਿਆ ਹੈ। ਏਨਾ ਸਹਿਮਿਆ ਹੈ ਕਿ ਮੂੰਹ ਵਿਚੋਂ ਆਵਾਜ਼ ਨਹੀਂ ਨਿਕਲਦੀ, ਜੇ ਕੁਛ ਪੁਕਾਰਦਾ ਹੈ, ਤਾਂ ਉਸ ਨੂੰ ਸੁਣਨ ਵਾਲਾ ਤੇ ਸਹਾਇਤਾ ਕਰਨ ਵਾਲਾ ਕੋਈ ਨਹੀਂ। ਗੁਰਦੇਵ ਜੀ ਦਾ ਫੁਰਮਾਨ ਹੈ :-

**ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ**
**ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ।।**
**ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ**
**ਕੋਇ ਨ ਸੁਣੈ ਪੁਕਾਰਾ।।**

(ਸੋਰਠਿ ਮਹਲਾ ੩, ਪੰਨਾ ੬੦੦)

ਜਿਸ ਇਨਸਾਨ ਨੇ ਖੂਨ ਪਸੀਨੇ ਦੀ ਕਮਾਈ ਨਾਲ ਆਪਣਾ ਛੋਟਾ ਜਿਹਾ ਮਕਾਨ ਉਸਾਰਿਆ ਹੋਵੇ, ਲਾਲਚ ਜਾਂ ਮਜਬੂਰੀ ਕਰਕੇ ਕਿਰਾਏ ਨੂੰ ਸੌਂਪਿਆਂ ਹੋਵੇ, ਤੇ ਉਹ ਕਿਰਾਏਦਾਰ ਜ਼ਬਰਦਸਤੀ ਕਬਜ਼ਾ ਕਰ ਬੈਠੇ ਤੇ ਅਨੇਕ ਜਤਨਾਂ ਦੇ ਬਾਵਜੂਦ ਉਹ ਖਾਲੀ ਨਾ ਕਰੇ ਤਾਂ ਉਸ ਮਾਲਕ ਮਕਾਨ ਨੂੰ ਕਿੰਨਾ ਦੁੱਖ ਤੇ ਝੋਰਾ ਹੁੰਦਾ ਹੈ, ਸਭੁ ਕੋਈ ਭਲੀ ਭਾਂਤ ਜਾਣਦਾ ਹੈ। ਕਈ ਜ਼ਿਮੀਦਾਰ ਆਪਣੀ ਭੂਮੀ ਵਿੱਚ ਫਸਲ ਉਗਾਉਣ ਤੇ ਦੇਖ ਭਾਲ ਦਾ ਕੰਮ ਕਿਸੇ ਹੋਰ ਕਾਸ਼ਤਕਾਰ ਨੂੰ ਹਵਾਲੇ ਕਰਕੇ ਮੁਫ਼ਤ ਦੀ ਮੁਸੀਬਤ ਗਲ ਪਾ ਬਹਿੰਦੇ ਹਨ। ਸਾਡੀ ਤਰਸਯੋਗ ਦਸ਼ਾ ਇਹਨਾਂ ਤੋਂ ਵੀ ਭੈੜੀ ਹੈ। ਕਰਤਾਰ ਨੇ ਏਨਾ ਵਡਮੁੱਲਾ ਦੇਹੀ ਨਗਰੁ, ਬਿਨਾ ਕਿਸੀ ਕੀਮਤ ਦੇ, ਰਹਿਮਤ ਦੇ ਘਰ ਆਇ ਕੇ, ਸਾਨੂੰ ਦਿੱਤਾ। ਦਿਆਲੂ ਪਿਤਾ ਨੇ ਦਰਿਆ ਦਿਲੀ ਵਿਖਾਈ ਤੇ ਇਸ ਤੱਤ ਵੱਲ ਧਿਆਨ ਨਹੀਂ ਦਿੱਤਾ ਕਿ ਅਸੀਂ ਵਾਸਤਵ ਵਿੱਚ ਅਧਿਕਾਰੀ ਵੀ ਹਾਂ ਕਿ ਨਹੀਂ। ਅਸੀਂ ਕ੍ਰਿਤਪਾਨ ਤਾਂ ਸਿੱਧ ਨਹੀਂ ਹੋਵਾਂਗੇ। ਇਹ ਉਸ ਦੀ ਵੱਡੀ ਵਡਿਆਈ ਹੈ। ਅਸੀਂ ਤਾਂ ਇਕ ਅੱਧੀ ਨਿਗੁਣੀ ਵਸਤੂ ਦੇ ਕੇ ਬਿਫਰ ਜਾਂਦੇ ਹਾਂ। ਧੰਨ ਹੈ ਅਕਾਲ ਪੁਰਖ ਜਿਹੜਾ ਏਨੀਆਂ ਵੱਡੀਆਂ ਦਾਤਾਂ, ਗੁਣ, ਚੰਗਿਆਈਆਂ ਦੇ ਕੇ ਪਛਤਾਉਂਦਾ ਨਹੀਂ ਹੈ। ਪਰ ਅਸੀਂ ਤਾਂ ਦਾਤਾਰ ਪ੍ਰਭੂ ਨੂੰ ਭੁੱਲ ਕੇ ਉਸ ਦੀਆਂ ਦਾਤਾਂ ਨਾਲ ਪਿਆਰ ਕਰਨਾ ਸ਼ੁਰੂ ਕਰ ਦਿੱਤਾ। ਨਤੀਜੇ ਵਜੋਂ ਆਤਮਕ ਸਿਫਤਾਂ ਨਾਲ ਸਾਡਾ ਨਾਤਾ ਟੁੱਟ ਗਿਆ ਤੇ ਸਾਡਾ ਸਰੀਰ ਮੋਹ ਦੇ ਚਿੱਕੜ ਵਿੱਚ ਗਲ ਤੱਕ ਡੁੱਬ ਗਿਆ।

ਹੁਣ ਸਾਡੀ ਕਾਇਆ ਨਗਰ ਦੀ ਮਲਕੀਅਤ ਕਾਹਦੀ ਰਹਿ ਗਈ, ਜਦ ਪੰਜ ਦੁਸ਼ਟ ਇਸ ਸਰੀਰ ਤੇ ਹਾਵੀ ਹੋ ਗਏ। ਸ਼ੁਰੂ ਵਿੱਚ ਤਾਂ ਅਸੀਂ ਆਪ ਹੀ ਲਾਲਚ ਦੇ ਹਿੱਤ ਨਾਲ ਨੇਹੁ ਲਗਾਇ ਕੇ ਲੋਭ ਤੇ ਮੋਹ ਨੂੰ ਸੱਦਾ ਦਿੱਤਾ ਪਰ ਇਨ੍ਹਾਂ ਨੇ ਕੁਟਲ ਨੀਤੀ ਤੋਂ ਕੰਮ ਲਿਆ ਤੇ ਬਾਕੀ ਤਿੰਨਾਂ ਨੂੰ ਵੀ ਆਪਣੇ ਨਾਲ ਮਿਲਾ ਲਿਆ ਤੇ ਡੇਰਾ ਜਮਾ ਕੇ ਬੈਠ ਗਏ। ਇਨ੍ਹਾਂ ਨੂੰ ਆਰਾਮ ਨਾਲ ਬੈਠਣਾ ਨਹੀਂ ਆਉਂਦਾ, ਭਾਵੇਂ ਇਨ੍ਹਾਂ ਦੀਆਂ ਲੋੜਾਂ ਪੂਰੀਆਂ ਕਰੋ, ਭਾਵੇਂ ਚਾਪਲੂਸੀ ਕਰੋ। ਅੰਦਰਗਤੀ ਇਨ੍ਹਾਂ ਨੇ ਅੰਮ੍ਰਿਤ ਰੂਪੀ ਨਾਮ ਧਨ ਚੁਰਾ ਕੇ ਸਾਨੂੰ ਖੋਖਲਾ ਬਣਾ ਦਿੱਤਾ। ਗੁਰਵਾਕ ਹੈ:

**ਪੰਚ ਚੋਰ ਮਿਲਿ ਨਗਰੀਆ ਰਾਮ ਨਾਮੁ ਧੰਨੁ ਹਿਰਿਆ।।**
**ਗੁਰਮਤਿ ਖੋਜ ਪਰੇ ਤਬ ਪਕਰੇ ਸਾਬਤੁ ਰਾਸਿ ਉਬਰਿਆ।।**

(ਬਸੰਤ ਹਿੰਡੋਲ, ਪੰਨਾ ੧੧੭੦)

ਤੇ ਅਸੀਂ ਅਗਿਆਨੀ ਅੰਧਲੇ ਗੁਰਮਤਿ ਦੀ ਕਦਰ



www.AKJ.Org

ਨਹੀਂ ਪਾ ਸਕੇ। ਅਸੀਂ ਕਹੀਏ ਜਾਂ ਨਾ ਕਹੀਏ। ਵਾਸਤਵ ਵਿੱਚ ਇਨ੍ਹਾਂ ਚੋਰਾਂ ਨੇ ਸਾਡਾ ਘਰ ਸੰਭਾਲ ਲਿਆ ਹੈ। ਅੰਤਰਜਾਮੀ ਸਤਿਗੁਰੂ ਤੋਂ ਕਿਹੜੀ ਗੱਲ ਗੁੱਝੀ ਹੈ, ਉਹ ਘਟ ਘਟ ਦੇ ਅੰਤਰ ਨੂੰ ਜਾਣਦਾ ਹੈ, ਸਾਡੀ ਅਗਿਆਨਤਾ ਤੇ ਮਜਬੂਰੀ ਨੂੰ ਵੀ।

**ਏਕ ਨਗਰੀ ਪੰਚ ਚੋਰ ਬਸੀਅਲੇ ਬਰਜਤ ਚੋਰੀ ਧਾਵੈ।।**
**ਤ੍ਰਿਹਦਸ ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ।।**

(ਗੂਜਰੀ ਮਹਲਾ ੧, ਪੰਨਾ ੫੦੩)

ਸੂਝਵਾਨ ਪ੍ਰਾਣੀ ਬਿਗਾਨਿਆਂ ਨੂੰ ਆਪਣੇ ਬਣਾਉਣ ਵਿੱਚ ਵਿਸ਼ਵਾਸ਼ ਰੱਖਦਾ ਹੈ। ਗੁਰਮੁਖ ਜਨ ਡਾਕਟਰ ਹੈ, ਜੇਲ ਅਫਸਰ ਕਦੀ ਉਹ ਸਜ਼ਾ ਨਹੀਂ ਦਿੰਦਾ, ਸੁਧਾਰਨ ਦਾ ਉਪਰਾਲਾ ਕਰਦਾ ਹੈ। ਇਹ ਨੀਤੀ ਪਰਉਪਕਾਰ ਦੀ ਹੈ, ਬਦਲੇ ਦੀ ਨਹੀਂ, ਇਹ ਪਰਮਾਰਥ ਲਈ ਸਹਾਇਕ ਤਾਂ ਹੁੰਦੀ ਹੈ ਹੀ, ਸੰਸਾਰਕ ਸੰਬੰਧਾਂ ਲਈ ਵੀ ਲਾਹੇਵੰਦ ਹੈ। ਸਹਸੇ ਤੇ ਭੈਅ ਤੋਂ ਮੁਕਤ ਹੋਣਾ ਇਸ ਦਾ ਫਲ ਹੈ। ਜਿਸ ਹਿਰਦੇ ਵਿੱਚ ਵੈਰ ਵਿਰੋਧ ਦੀ ਭਾਵਨਾ ਤੇ ਕ੍ਰੋਧ ਦਾ ਜੁਆਲਾ ਭੜਕ ਉਠੇ ਉਥੇ ਮਨ ਦੀ ਸ਼ਾਤੀ ਦਾ ਬੂਟਾ ਜਲ ਕੇ ਸੁਆਹ ਹੋ ਜਾਵੇਗਾ। ਉਥੇ ਸਹਜ ਅਵਸਥਾ ਦੀ ਗੱਲ ਕਰਨੀ ਵੀ ਅਰਥ-ਹੀਨ ਹੋਵੇਗੀ। ਸਾਨੂੰ ਵਿਵੇਕ-ਹੀਨਾਂ ਨੂੰ ਇਹ ਪਤਾ ਹੀ ਨਹੀਂ ਕਿ ਕਿਹੜੇ ਵੈਰੀਆਂ ਦਾ ਨਾਸ ਕਰਨਾ ਹੈ, ਕਿਹੜੇ ਵੈਰੀਆਂ ਨੂੰ ਆਪਣਾ ਬਣਾਉਣਾ ਹੈ।

ਪਤਾ ਨਹੀਂ ਸਾਡੇ ਅਵੇਸਲੇ ਪਨ ਦਾ ਨਤੀਜਾ ਨਿਕਲਿਆ ਜਾਂ ਸਾਡੀ ਕਮਜ਼ੋਰੀ ਦਾ ਲਾਭ ਉਠਾਇਆ। ਕਾਇਆ ਨਗਰੀ ਦੇ ਪੰਜੇ ਗਿਆਨ ਇੰਦਰੇ, ਬਾਹਰਲਾ ਸੰਦੇਸ਼ ਪਹੁੰਚਾਉਣ ਵਾਲੇ, ਆਪਣੇ ਹੀ ਘਰ ਦੇ ਪਹਿਰੇਦਾਰ ਰਖਵਾਲੇ ਸੌਂ ਗਏ ਕਿ ਧੋਖਾ ਖਾ ਗਏ, ਕਿ ਲੋਭ ਵਿੱਚ ਗ੍ਰਸ ਕੇ ਲੁਟੇਰਿਆਂ ਨਾਲ ਮਿਲ ਗਏ, ਅਜਿਹਾ ਵਿਸ਼ਵਾਸ਼-ਘਾਤ ਕਮਾ ਗਏ ਤੇ ਸ਼ੁੱਭ ਗੁਣਾਂ ਦਾ ਖਜ਼ਾਨਾ ਖਾਲੀ ਹੋਣਾ ਸ਼ੁਰੂ ਹੋ ਗਿਆ ਤੇ ਅਸੀਂ ਬੇਖਬਰ ਹੀ ਰਹੇ।

**ਪੰਚ ਪਹਰੂਆ ਦਰ ਮਹਿ ਰਹਤੇ ਤਿਨ ਕਾ ਨਹੀ ਪਤੀਆਰਾ।।**

(ਗਉੜੀ ਕਬੀਰ ਜੀ, ਪੰਨਾ ੩੩੯)

ਹੁਣ ਤਾਂ ਦਰਬਾਨਾਂ ਦਾ ਕੋਈ ਇਤਬਾਰ ਨਹੀਂ ਰਹਿਆ। ਬਿਕਾਰਾਂ, ਦੋਸ਼ਾਂ, ਔਗੁਣਾਂ, ਐਬਾਂ, ਦੁਸ਼ਟਾਂ ਦੂਤਾਂ ਤੇ ਹਮਲਾਅਵਰਾਂ ਨੂੰ ਨਗਰ ਵਿੱਚ ਦਾਖਲ ਹੋ ਕੇ ਲੁੱਟਣ, ਖੋਹਣ ਵਿੱਚ ਖਾਸ ਰੁਕਾਵਟਾਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਭਗਤ ਕਬੀਰ ਜੀ ਨੇ ਜੀਵ ਦੀ ਲਾਚਾਰੀ ਤੇ ਆਪਣੀ ਸਿਫ਼ਾਰਸ਼ ਦਾ ਨਕਸ਼ਾ ਇਨ੍ਹਾਂ ਸ਼ਬਦਾਂ ਦੁਆਰਾ ਖਿੱਚਿਆ ਹੈ :-

**ਦੇਹੀ ਗਾਵਾ ਜੀਉ ਧਰ ਮਹਤਉ ਬਸਹਿ ਪੰਚ ਕਿਰਸਾਨਾ।।**
**ਨੈਨੂ ਨਕਟੂ ਸ੍ਰਵਨੂ ਰਸਪਤਿ ਇੰਦ੍ਰੀ ਕਹਿਆ ਨ ਮਾਨਾ।।੧।।**
**ਬਾਬਾ ਅਬ ਨ ਬਸਉ ਇਹ ਗਾਉ।।**
**ਘਰੀ ਘਰੀ ਕਾ ਲੇਖਾ ਮਾਂਗੈ ਕਾਇਥੁ ਚੇਤੂ ਨਾਉ।।੧।।**
**ਧਰਮਰਾਇ ਜਬ ਲੇਖਾ ਮਾਂਗੈ ਬਾਕੀ ਨਿਕਸੀ ਭਾਰੀ।।**
**ਪੰਚ ਕ੍ਰਿਸਾਨਵਾ ਭਾਗਿ ਗਏ ਲੈ ਬਾਂਧਿਓ ਜੀਉ ਦਰਬਾਰੀ।।੨।।**
**ਕਹੈ ਕਬੀਰ ਸੁਨਹੁ ਰੇ ਸੰਤਹੁ ਖੇਤ ਹੀ ਕਰਹੁ ਨਿਬੇਰਾ।।**
**ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਉਜਲਿ ਫੇਰਾ।।੩।।੭।।** (ਰਾਗੁ ਮਾਰੂ-ਭਗਤ ਕਬੀਰ ਜੀ-੧੧੦੪)

ਜੀਵ ਦੀ ਮਲਕੀਅਤ ਨਾਮ ਮਾਤਰ ਹੀ ਹੈ, ਅਸਲੀਅਤ ਵਿੱਚ ਕਬਜ਼ਾ ਇਨ੍ਹਾਂ ਪੰਜਾਂ ਦਾ ਹੈ। ਇਸ ਅਸਥਿਤੀ ਵਿੱਚ ਪਿੰਡ ਦਾ ਵਸਣਾ ਅਸੰਭਵ ਹੈ, ਇਹ ਅੱਜ ਵੀਰਾਨ ਹੋਇਆ ਜਾਂ ਕਲ੍ਹ। ਚਿਤਰ ਗੁਪਤ, ਰੌਸ਼ਨ ਜ਼ਮੀਰ ਦੁਆਰਾ ਲੇਖਾ ਜੋਖਾ ਹੁੰਦਾ ਰਹਿੰਦਾ ਹੈ ਪਰ ਜੀਵ ਦੀਆਂ ਕਰਤੂਤਾਂ ਵਿੱਚ ਕੋਈ ਫ਼ਰਕ ਨਹੀਂ ਪੈਂਦਾ। ਅੰਤ ਸਮੇਂ ਜੀਵ ਆਤਮਾ ਨੂੰ ਧਰਮ-ਰਾਇ ਦੀ ਕਚਹਿਰੀ ਵਿੱਚ ਇਕ ਕਰਜ਼ਾਈ ਦੇ ਰੂਪ ਵਿੱਚ ਪੇਸ਼ ਹੋਣਾ ਪੈਂਦਾ ਹੈ। ਇਹੋ ਜਿਹਾ ਅੰਤ ਹੈ ਜੀਵ ਦੀ ਸੰਸਾਰਕ ਯਾਤਰਾ ਦਾ।

ਕਰੁਣਾਨਿਧਿ ਗੁਰਦੇਵ ਜੀ, ਗੁਣ ਬਿਹੂਨ ਪਿੰਡ ਨੂੰ ਉਜੜਨ ਤੋਂ ਬਚਾਉਣਾ ਚਾਹੁੰਦੇ ਹਨ, ਆਪ ਜੀ ਦਾ ਉਪਦੇਸ਼ ਅਉਗੁਣਾਂ ਦੇ ਅੰਬਾਰ ਬਾਹਰ ਕੱਢ ਕੇ ਦੈਵੀ ਗੁਣਾਂ ਦਾ ਵਾਸਾ ਕਰਾਉਣਾ ਸਮਰਥ ਹੈ। ਜਿਸ ਨੇ ਗੁਰਮੰਤ੍ਰ ਦੀ ਕਮਾਈ ਕੀਤੀ ਤੇ ਨਾਮ ਨੂੰ ਹਿਰਦੇ ਵੱਚ ਦ੍ਰਿੜਾਇਆ, ਉਸ ਦੇ ਪਾਪਾਂ ਦਾ ਨਾਸ਼ ਹੋਣਾ ਅਵੱਸ਼ ਹੈ। ਹਜ਼ੂਰ ਦੇ ਬਚਨ ਹਨ :-

**ਆਸਾ ਮਹਲਾ ੫।। ਪੰਚ ਮਨਾਏ ਪੰਚ ਰੁਸਾਏ ਪੰਚ ਵਸਾਏ ਪੰਚ ਗਵਾਏ।।੧।। ਇਨ ਬਿਧਿ ਨਗਰੁ ਵੁਠਾ ਮੇਰੇ ਭਾਈ।। ਦੁਰਤੁ ਗਇਆ ਗੁਰਿ ਗਿਆਨੁ ਦ੍ਰਿੜਾਈ।।੨।। ਰਹਾਉ।।........ ਸੋ ਵਸੈ ਇਤੁ ਘਰਿ ਜਿਸੁ ਗੁਰੁ ਪੂਰਾ ਸੇਵ।। ਅਬਿਚਲ ਨਗਰੀ ਨਾਨਕ ਦੇਵ।।** (੪੩੦)

ਗੁਰਦੇਵ ਜੀ ਨੇ ਇਸ ਗੁਰਵਾਕ ਦੁਆਰਾ, ਵਿਸ਼ੇ



www.AKJ.Org

ਵਿਕਾਰਾਂ ਤੇ ਐਬਾਂ ਦੀ ਲਾਗ ਤੋਂ ਨਿਰਲੇਪ ਰਹਿਣ ਦੀ ਜੁਗਤੀ ਤੋਂ ਜਾਣੂ ਕਰਾਇਆ ਹੈ। ਨਗਰੀ ਨੂੰ ਘਣੀ ਆਬਾਦੀ ਵਾਲੀ, ਸੁਰਖਿਅਤ ਤੇ ਖੁਸ਼ਹਾਲ ਬਣਾਉਣ ਲਈ ਸੱਚੇ ਧਰਮ ਦੀ ਵਾੜ ਤੇ ਤਕੜੇ ਫਾਟਕ ਲਾਉਣ ਦਾ ਫ਼ੁਰਮਾਨ ਦਿੱਤਾ ਹੈ। ਇਸ ਨਗਰੀ ਦੀ ਉਪਜਾਊ ਧਰਤੀ ਵਖਰੀ ਕਿਸਮ ਦੀ ਹੈ, ਜਿਸ ਵਿਚ ਕੇਵਲ ਨਾਮ ਦੇ ਬੀਜ਼ ਦੀ ਫਸਲ ਤਿਆਰ ਹੁੰਦੀ ਹੈ। ਸੱਚੇ ਵਾਪਾਰੀ ਉਹ ਹਨ ਜਿਹੜੇ ਸਤਿਗੁਰੂ ਦੀ ਸੇਵਾ ਦਾ ਸੌਦਾ ਕਰਦੇ ਹਨ। ਕੱਚ ਵਿਹਾਝਣ ਵਾਲੇ ਸੌਦਾਗਰਾਂ ਨੂੰ ਇੱਥੇ ਥਾਂ ਨਹੀਂ ਮਿਲਦੀ। ਕਿਉਂਕਿ ਇਹ ਨਗਰੀ ਅਮਰ ਤੇ ਅਟੱਲ ਹੈ, ਬਾਕੀ ਪਿੰਡਾਂ ਵਾਂਗਰ ਚਲਾਇਮਾਨ ਨਹੀਂ, ਇਸ ਕਰਕੇ ਇਸ ਨੂੰ ਅਬਿਚਲ ਨਗਰੀ ਦੇ ਨਾਮ ਨਾਲ ਵੀ ਪੁਕਾਰਿਆਂ ਜਾਂਦਾ ਹੈ।

ਕੰਚਨ ਤੇ ਦੁਨਿਆਵੀ ਇਸ ਥਾਂ ਠੀਕਰ ਸਮਾਨ ਹੈ। ਸਧਾਰਣ ਮਨੁੱਖ ਦੀ ਇਥੇ ਪਹੁੰਚ ਨਹੀਂ। ਪੰਜਾਂ ਨਾਲੋਂ ਟੁੱਟ ਕੇ ਪੰਜਾਂ ਨਾਲ ਸਾਂਝ ਬਣਾਉਣੀ ਪੈਂਦੀ ਹੈ। ਕੁਛ ਤਿਆਗਣਾ ਹੈ, ਕੁਛ ਗ੍ਰਹਿਣ ਕਰਨਾ ਹੈ।

**ਮਾਰੂ ਮਹਲਾ ੫।। ਤਿਆਗਨਾ ਤਿਆਗਨੁ ਨੀਕਾ, ਕਾਮੁ, ਕ੍ਰੋਧੁ, ਲੋਭੁ ਤਿਆਗਨਾ।।** (੧੦੧੮)

ਜੇ ਸੰਜਮ ਨਹੀਂ, ਔਸ਼ਧੀ ਕੀ ਕਰੇਗੀ? ਇਕ ਖਿਨ ਦਾ ਗਲਤ ਕਦਮ ਸਾਲਾਂ ਬੱਧੀਂ ਕਮਾਈ ਨੂੰ ਮਿੱਟੀ ਵਿੱਚ ਮਿਲਾਉਣ ਦੀ ਸ਼ਕਤੀ ਰੱਖਦਾ ਹੈ। ਕਈ ਤਪੱਸਵੀਆਂ ਨਾਲ ਅਜਿਹੀ ਘਟਨਾ ਵਾਪਰੀ ਹੈ। ਪੰਜ ਦੋਸ਼, ਪੰਜ ਐਬ, ਪੰਜ ਲੁਟੇਰੇ ਨਾਮ ਦੇ ਪੌਦੇ ਨੂੰ, ਖੇਤ ਦੇ ਕੀੜੇ ਵਾਂਗਰ ਖਾਣ ਤੇ ਤੁੱਲੇ ਹੋਏ ਹਨ। ਵਿੱਲ ਮਿੱਸ, ਜਾਂ ਸੌਦਾਗਰੀ ਮਹਿੰਗੀ ਪੈਂਦੀ ਹੈ। ਇਨ੍ਹਾਂ ਨੂੰ ਚੁਣ ਚੁਣ ਕੇ ਪੁੱਟਣਾ ਤੇ ਬਾਹਰ ਸੁੱਟਣਾ ਹੈ। ਇਹ ਸੁੱਕ ਕੇ ਵੀ ਹਰੇ ਹੋ ਜਾਂਦੇ ਹਨ ਇਸ ਲਈ ਇਨ੍ਹਾਂ ਨਾਲ ਕੋਈ ਸਮਝੌਤਾ ਨਹੀਂ ਕਰਨਾ।

ਤਿਆਗਣ ਤੇ ਗ੍ਰਹਣ ਕਰਨ ਦੀ ਕਿਰਿਆ ਇਕੋ ਸਮੇਂ ਨਾਲੋਂ ਵੱਧ ਵਰਤੋਂ ਵਿੱਚ ਲਿਆਉਣੀ ਦੋ-ਧਾਰੇ ਖੰਡੇ ਸਮਾਨ ਹੈ। ਔਗੁਣਾਂ ਦਾ ਬਲ, ਗੁਣਾਂ ਦੀ ਸ਼ਕਤੀ ਨਾਲ ਸਹਿਜੇ ਹੀ ਖਤਮ ਹੁੰਦਾ ਹੈ। ਗੁਰਬਾਣੀ ਵਿੱਚ ਪੰਜਾਂ ਦਾ ਜ਼ਿਕਰ ਸਪੱਸ਼ਟ ਰੂਪ ਵਿੱਚ ਆਇਆ ਹੈ।

**ਆਸਾ ਮਹਲਾ ੫।। ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ।। ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ।।** (੩੭੯)

ਇਕ ਹੋਰ ਫ਼ੁਰਮਾਨ ਹੈ :-

**ਬਿਲਾਵਲੁ ਮਹਲਾ ੫।। ਕਾਮ ਕ੍ਰੋਧ ਤ੍ਰਿਸਨਾ ਅਹੰਕਾਰਾ ਤਨ ਤੇ ਹੋਏ ਸਗਲ ਖਈ।।੧।। ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ।।** (੮੨੨)

ਇਸ ਦੇ ਇਲਾਵਾ ਪੰਜਾਂ ਤੱਤਾਂ ਦੇ ਦੈਵੀ ਗੁਣਾਂ ਦੀ ਵਿਸ਼ੇਸ਼ਤਾਂ ਘੱਟ ਨਹੀਂ ਜਿਨ੍ਹਾਂ ਦਾ ਸੰਬੰਧ ਬ੍ਰਹਮ ਗਿਆਨੀ ਦੀ ਅਵਸਥਾ ਨਾਲ ਹੈ। ਸੁਖਮਨੀ ਸਾਹਿਬ ਦੀ ਬ੍ਰਹਮ ਗਿਆਨੀ ਵਾਲੀ ਅਸ਼ਟਪਦੀ ਦੈਵੀ ਗੁਣਾਂ ਦਾ ਭੰਡਾਰ ਹੈ। ਆਕਾਸ਼ ਤੋਂ ਨਿਰਲੇਪਤਾ, ਅਗਨੀ ਤੋਂ ਮੈਲ ਸਾੜਨੀ, ਜਾਂ ਪਾਪ ਸਾੜਨੇ, ਧਰਤੀ ਤੋਂ ਧੀਰਜ, ਪਾਣੀ ਤੋਂ ਨਿਰਮਲਤਾ, ਹਵਾ ਤੋਂ ਸਮ ਦ੍ਰਿਸ਼ਟਤਾ, ਇਹ ਸਾਰੇ ਪੰਜ ਤੱਤਾਂ ਦੇ ਗੁਣ ਅਖਵਾਉਂਦੇ ਹਨ।

ਸਤਿਗੁਰੂ ਜੀ ਦਾ ਫ਼ੁਰਮਾਨ ਹੈ :-

**ਅਪੁ ਤੇਜੁ ਬਾਇ ਪ੍ਰਿਥਵੀ ਆਕਾਸਾ।।**
**ਐਸੀ ਰਹਤ ਰਹਉ ਹਰਿ ਪਾਸਾ।।**
(ਗਉੜੀ ਕਬੀਰ ਜੀ, ਪੰਨਾ ੩੨੭)

ਮੰਨਾਉਣ ਦਾ ਭਾਵ, ਕਿਸੇ ਨੂੰ ਪ੍ਰੇਰ ਕੇ, ਆਪਣੇ ਵਿਚਾਰਾਂ ਨਾਲ ਸਹਿਮਤ ਕਰਾਉਣਾ ਹੈ। ਜੇ ਉਸ ਦੇ ਬੋਲਣ, ਜਾਂ ਕੰਮ ਕਰਨ ਦਾ ਢੰਗ ਵੱਖਰਾ ਹੈ ਤਾਂ ਉਸ ਨੂੰ ਦਲੀਲ ਸਹਿਤ ਜਾਂ ਮੌਕੇ ਤੇ ਕੋਈ ਹੋਰ ਵਿਧੀ ਜਾਂ ਪਰਯੋਗ ਕਰਕੇ ਗਲਤ ਫਹਿਮੀ ਦੂਰ ਕਰਨੀ ਤੇ ਆਪਣੇ ਮਾਰਗ ਤੇ ਚੱਲਣ ਲਈ ਰਜ਼ਾਮੰਦ ਕਰਾਉਣਾ ਹੈ। ਸਭ ਤੋਂ ਵੱਡਾ ਲਾਭ ਇਹ ਹੈ ਕਿ ਸਾਨੂੰ ਉਸ ਤੋਂ ਕਿਸੇ ਵੀ ਗੱਲ ਦਾ ਅੰਦੇਸ਼ਾਂ ਨਹੀਂ ਰਹਿੰਦਾ। ਰੁਕਾਵਟ ਜਾਂ ਵਿਰੋਧਤਾ ਦੀ ਭਾਵਨਾ ਦਾ ਭੇਅ ਖਤਮ ਹੋ ਜਾਂਦਾ ਹੈ। ਇਸ ਲਈ ਸੰਦੇਹ ਨਹੀਂ ਕਿ ਸਾਡੇ ਗਿਆਨ ਇੰਦਰੇ ਮਨਮਾਨੀ ਤੇ ਤੁੱਲੇ ਹੋਏ ਹਨ ਤੇ ਆਪਣੀ ਇਛਿਆ ਅਨੁਸਾਰ ਸਾਨੂੰ ਬਾਂਦਰ ਵਾਂਗਰ ਨਚਾਈ ਫਿਰਦੇ ਹਨ। ਜਦ ਤੱਕ ਇਹ ਰਾਸ ਨਹੀਂ ਆਉਂਦੇ, ਨਾਮ ਦੇ ਤੀਰਥ ਵਿੱਚ ਨਾਉਣ ਤੇ ਗਿਆਨ ਸਰੋਵਰ ਵਿੱਚ ਚੁੱਭੀ ਮਾਰਨ ਦੇ ਸੁਪਨੇ ਨੂੰ ਪੂਰਾ ਨਹੀਂ ਕਰਨ ਦਿੰਦੇ। **ਪੰਚ ਰਾਸੀ ਤਾਂ ਤੀਰਥ ਵਾਸੀ।।** (ਆਸਾ ਮਹਲਾ ੧, ਪੰਨਾ ੩੫੬) ਦਾ ਮਹਾਂ ਵਾਕ, ਪੰਜਾਂ ਨੂੰ ਰਾਸ ਵਿੱਚ ਲਿਆਉਣ ਦਾ ਉਪਦੇਸ਼ ਦਿੰਦਾ ਹੈ।

ਸਾਡਾ ਨਗਰ ਉਜਾੜਨ ਲਈ ਪੰਜਾਂ ਦੇ ਕਈ ਟੋਲੇ ਹਨ। ਇਨ੍ਹਾਂ ਵਿਚੋਂ ਦੋ ਬਹੁਤ ਤਕੜੇ ਤੇ ਪ੍ਰਭਾਵਸ਼ਾਲੀ ਹਨ। ਪਹਿਲਾਂ ਸਮੂਹ ਪੰਜ ਮਨੋਵਿਰਤੀਆਂ ਦਾ ਹੈ ਤੇ


www.AKJ.Org

ਵਿਆਕਰਣ ਅਨੁਸਾਰ ਭਾਵ-ਵਾਚਕ ਨਾਵਾਂ ਦਾ ਗਰੁਪ ਹੈ। ਅਦ੍ਰਿਸ਼ਟ ਰੂਪ ਵਿਚ ਹੋਣ ਕਰਕੇ, ਇਨ੍ਹਾਂ ਨੂੰ ਪਕੜਨਾ ਜਾਂ ਪਕੜ ਕੇ ਸਿੱਧਾ ਕਰਨਾ ਜਾਂ ਪਕੜ ਕੇ ਦਿਖਾਉਣਾ ਹਕੀਕਤ ਘੱਟ ਹੈ, ਮਿੱਥ ਜ਼ਿਆਦਾ ਹੈ। ਇਹ ਇਨਸਾਨ ਦੀ ਬੁਧੀ, ਅਕਲ, ਸਿਆਣਪ, ਸੋਚ ਵਿਚਾਰ ਦੀ ਪੇਸ਼ ਨਹੀਂ ਜਾਣ ਦਿੰਦੇ। ਮਨ ਇਨ੍ਹਾਂ ਦਾ ਪਾਣੀ ਭਰਦਾ ਹੈ। ਸਰੀਰ ਦੇ ਸਾਰੇ ਅੰਗ ਇਸ਼ਾਰੇ ਤੇ ਚੱਲਦੇ ਹਨ।

ਇਸ ਦੇ ਟਾਕਰੇ ਵਿੱਚ ਪੰਜ ਗਿਆਨ ਇੰਦਰੇ ਸਥੂਲ ਹਨ, ਦੇਖਣ ਚਾਖਣ, ਛੂਹਣ, ਸੁਣਨ ਤੇ ਸੁੰਘਣ ਦੇ ਵਿਸ਼ੇ ਹਨ। ਆਪਣੇ ਹਨ ਪਰ ਬਦਕਿਸਮਤੀ ਨਾਲ ਬਿਗਾਨੇ ਬਣ ਗਏ ਹਨ। ਇਨ੍ਹਾਂ ਨੂੰ ਸੁਧਾਰਨਾ ਹੈ, ਮਾਰਨਾ ਨਹੀਂ, ਅਧੀਨ ਕਰਨਾ ਹੈ, ਖਤਮ ਨਹੀਂ ਕਰਨਾ। ਕੀ ਅੱਖਾਂ ਮੁੰਦਣਾ ਵੀ ਕੋਈ ਇਲਾਜ ਹੈ? ਕੀ ਇੰਦ੍ਰੀ-ਹੀਨ ਪ੍ਰਾਣੀ ਦਾ ਹੀ ਮਨ ਸਹਜ ਅਵਸਥਾ ਵਿੱਚ ਵਿਚਰਦਾ ਹੈ? ਬਿਲਕੁਲ ਨਹੀਂ, ਕੀ ਖੁਸਰੇ ਨੂੰ ਪਰਮਗਤੀ ਪ੍ਰਾਪਤ ਹੁੰਦੀ ਹੈ?

ਆਪਣੇ ਬਲ ਦੁਆਰਾ ਇਨ੍ਹਾਂ ਦਾ ਸੋਧਣਾ ਬਹੁਤ ਕਠਿਨ ਹੈ। ਭੱਟਾਂ ਨੇ ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤਿ ਕਰਦਿਆਂ ਫ਼ੁਰਮਾਇਆ:-

**ਸਤਗੁਰਿ ਦਯਾਲਿ ਹਰਿਨਾਮੁ ਦ੍ਰਿੜਾਇਆ**
**ਤਿਸੁ ਪ੍ਰਸਾਦਿ ਵਸਿ ਪੰਚ ਕਰੇ।।** (੧੩੨੭)

ਉਸ ਅਮੁੱਲ ਨਾਮ ਦੀ ਬਖਸ਼ਸ਼ ਕੀਤੀ ਜਿਸ ਦਾ ਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਵਿੱਚ ਬਦਲਿਆ।

ਸਾਰੰਸ਼ ਗੁਰਮਤਿ ਨਾਮ ਕਮਾਈ ਕਰਨ ਵਾਲਿਆਂ ਦੇ ਅੱਗੇ ਕੋਈ ਨਹੀਂ ਟਿਕਿਆ ਅਤੇ ਸਭ ਦਾ ਆਕੀਪੁਣਾ ਖਤਮ ਹੋ ਗਿਆ। ਪੰਜਾਂ ਦਾ ਨਾਮੋ ਨਿਸ਼ਾਨ ਮਿਟਾ ਦਿੱਤਾ।

**ਦੇਹੀ ਨਗਰਿ ਕੋਟਿ ਪੰਚ ਚੋਰ ਬਟਵਾਰੇ**
**ਤਿਨ ਕਾ ਥਾਉ ਥੇਹੁ ਗਵਾਇਆ।।**
(ਤੁਖਾਰੀ ਮਹਲਾ ੪, ਪੰਨਾ ੧੧੧੭)

ਪੰਜਾਂ ਗਿਆਨ ਇੰਦਰਿਆਂ ਨੂੰ ਬੇ-ਹਰਕਤ, ਬੇਹਿਸ, ਬਣਾ ਕੇ, ਉਨ੍ਹਾਂ ਦਾ ਦੌੜਨਾ ਭੱਜਣਾ, ਘੁੰਮਣਾ ਮੁਕਾ ਦਿੱਤਾ। ਮਜਾਲ ਜੋ ਕੋਈ ਅੰਗ ਵੀ ਆਤਮਾ ਦੀ ਆਵਾਜ਼, ਸਤਿਗੁਰੂ ਦੇ ਫ਼ੁਰਮਾਨ ਦੀ ਉਲੰਘਣਾ ਕਰਨ ਦਾ ਹਿਆ ਕਰੇ।

**ਪੰਖੀ ਪੰਚ ਉਡਰਿ ਨਹੀ ਧਾਵਹਿ।।** (ਮਾਰੂ ਮ:੧)

ਵਾਲੀ ਉੱਚੀ ਦਸ਼ਾ ਪ੍ਰਾਪਤ ਹੋ ਗਈ। ਨਾਮ ਬਾਣੀ, ਕੀਰਤਨ ਅਥਾਹ ਪ੍ਰਵਾਹ ਚੱਲਿਆ, ਮਾਨੋ ਸਾਵਣ ਦੀ ਵਰਖਾ ਆਪਣਾ ਰੂਪ ਦਿਖਾਲਣ ਲੱਗੀ। ਸਾਰੀ ਧਰਤੀ ਮਾਉਲ ਉੱਠੀ, ਹਰੀ ਭਰੀ ਤੇ ਉਪਜਾਊ ਬਣ ਗਈ। ਸਭ ਤੇ ਹਲ ਨਾਲ ਵਾਹੀ ਕੀਤੀ ਤੇ ਨਾਮ ਦਾ ਬੀਜ ਪ੍ਰਫੁੱਲਤ ਹੋਣ ਲੱਗਾ। ਇਨ੍ਹਾਂ ਗੁਣਾਂ ਕਰਕੇ ਅਸੀਂ ਪਿੰਡ ਦੇ ਚੌਧਰੀ ਬਣ ਗਏ। ਕਿਰਸਾਣੀ ਕਰਨ ਵਾਲਿਆਂ ਦੀ ਬਦਨੀਤੀ ਤੇ ਸ਼ਰਾਰਤ ਤੋਂ ਛੁਟਕਾਰਾ ਮਿਲ ਗਿਆ। ਪੰਜਾਂ ਸਰੀਕਾਂ ਨੂੰ ਜਿਨ੍ਹਾਂ ਦਾ ਆਕੀਪੁਣਾ ਸਮਾਪਤ ਹੋ ਗਿਆ, ਬੰਨ੍ਹ ਕੇ ਲਿਆਂਦਾ ਗਿਆ। ਸਤਿਗੁਰੂ ਜੀ ਦੇ ਅਬਰਿ ਰਹਿਮਤ ਨਾਲ ਧਰਤੀ ਸਿੰਚੀ ਗਈ, ਨੇਕ ਕਰਮਾਂ ਤੇ ਰੱਬੀ ਸਿਫ਼ਤਾਂ ਦੇ ਬੂਟੇ ਆਪਣੀ ਖੁਸ਼ਬੂ ਵੰਡਣ ਲੱਗੇ। ਸਾਰਾ ਕਾਇਆ ਨਗਰ ਸ਼ੁਭ ਗੁਣਾਂ ਦੀ ਸੰਘਣੀ ਆਬਾਦੀ ਨਾਲ ਸ਼ਸ਼ੋਭਤ ਹੋ ਗਿਆ। ਸਤਿਗੁਰੂ ਜੀ ਦਾ ਗੁਰਵਾਕ ਹੈ :-

**ਸਿਰੀ ਰਾਗੁ ਮਹਲਾ ੫।।**
**ਮੈ ਸਤ ਕਾ ਹਲੁ ਜੋ ਆਇਆ।।**
**ਨਾਉ ਬੀਜਣ ਲਗਾ ਆਸ ਕਰਿ**
**ਹਰਿ ਬੋਹਲ ਬਖਸ਼ ਜਮਾਇ ਜੀਉ।।**
........ **ਹੁਣ ਹੋਆ ਮਾਹੁਰ ਪਿੰਡ ਦਾ**
**ਬੰਨਿਆ ਦੇ ਪੰਜਿ ਸਰੀਕ ਜੀਉ।।**
....... **ਪੰਜ ਕਿਰਸਾਣ ਮੁਜਰੇ ਮਿਹਡਿਆ।।**
**ਕੰਨ੍ਹ ਨ ਕੋਈ ਕਢਿ ਨ ਹੰਘਈ**
**ਨਾਨਕ ਵੁਠਾ ਘੁਘਿ ਗਿਰਾਉ ਜੀਉ।।** (੭੩)

## ਦਰ ਕਿਵੇਂ ਖੁੱਲ੍ਹੇ ?

ਧੱਕੇ ਜਾਂ ਮਨ ਦੀਆਂ ਉਕਤੀਆਂ ਜੁਗਤੀਆਂ (ਚਤੁਰਾਈ, ਸਿਆਣਪਾ) ਨਾਲ "ਦਸਮ ਦੁਆਰ" ਨਹੀਂ ਖਹਲਿਆ [illegible] ਜਾਂਦਾ। ਦਾਤੇ ਦੀ ਮਿਹਰ ਹੋਵੇਗੀ ਤਾਂ ਬੂਹਾ ਖੁੱਲ੍ਹੇਗਾ। ਸਾਨੂੰ ਉਸ ਦੀ ਮਿਹਰ ਦੇ ਪਾਤਰ ਬਣਨਾ ਚਾਹੀਦਾ [illegible] ਦੀ [illegible] ਵਿੱਚ ਰਹਿੰਦੇ ਹੋਏ ਪ੍ਰੇਮ ਸਹਿਤ ਸਿਫਤਿ-ਸਾਲਾਹ ਕਰਨੀ ਚਾਹੀਦੀ ਹੈ।

**ਢਾਡੀ ਦਰਿ [illegible] ਮੰਗਣਾ ਦਰੁ ਕਦੇ ਨ ਛੋੜੇ।** (ਪੰਨਾ ੩੨੩)



www.AKJ.Org

# ਸਿਰੁ ਬੇਚਿਓ ਸਤਿਗੁਰ ਆਗੇ

(ਜੀਵਨ ਝਲਕ)

ਸਾਰੇ ਪਿੰਡ ਵਿੱਚ ਗੱਲਾਂ ਹੋਣ ਲੱਗ ਪਈਆ – 'ਕਲਜੁਗ ਆ ਗਿਆ.... ਸ਼ਰਮ ਹਯਾ ਉਡ ਗਈ...... ਤੀਵੀਆਂ ਮਰਦਾਂ ਦੀ ਬਰਾਬਰੀ ਕਰਨ ਲੱਗ ਪਈਆਂ........ ਵੱਡਿਆਂ ਵਡੇਰਿਆਂ ਦੀਆਂ ਚਾਲੂ ਕੀਤੀਆਂ ਰੀਤਾਂ ਉਲਟਾਣ ਲੱਗੀਆਂ........ ਤੀਵੀਆਂ ਭੀ ਪੱਗਾਂ (ਦਸਤਾਰਾਂ) ਬੰਨ੍ਹਣ ਲੱਗ ਪਈਆਂ...... ਜ਼ਮਾਨਾ ਉਲਟਣ ਲੱਗਾ ...... ਇਹ ਕਿਸੇ ਭੁੰਜਲ (ਭਵਜਲ) ਦੀ ਨਿਸ਼ਾਨੀ ਹੈ..... ਦੁਨੀਆ ਗਰਕ ਹੋਣ ਤੇ ਆਈ ਹੈ...... ਪੜਦਾ (ਘੁੰਡ) ਉਕਾ ਹੀ ਉਡ ਗਿਆ ਆਦਿ।" ਜਦੋ ਤੋਂ ਚਰਨ ਕੌਰ ਹੋਰੀ ਅਮ੍ਰਿਤ ਛਕਿਆ ਅਤੇ ਖਾਲਸਈ ਰਹਿਤ ਬਹਿਤ ਵਿਚ ਆ ਕੇ ਗੁਰੂ ਹੁਕਮ 'ਸਾਬਤ ਸੂਰਤਿ ਦਸਤਾਰ ਸਿਰਾ" ਅਨੁਸਾਰ ਦਸਤਾਰ ਸਜਾਈ ਪਿੰਡ ਦੇ ਸਨਾਤਨੀ ਖਿਆਲਾਂ ਦੇ ਲੋਕਾਂ ਵਿਚ ਆਮ ਚਰਚਾ ਛਿੜ ਪਈ। ਜਦੋਂ ਕਦੇ ਬੀਬੀ ਚਰਨ ਕੌਰ ਬਾਹਰ ਅੰਦਰ ਜਾਂਦੀ ਤਾਂ ਲੋਕਾਂ ਉਗਲਾਂ ਚੁੱਕ ਚੁੱਕ ਗੱਲਾ ਕਰਦੇ, ਕਈਆਂ ਨੇ ਚਰਨ ਕੌਰ ਦੇ ਪਹਿਰਾਵੇ ਦਾ ਜ਼ਿਕਰ ਉਸ ਦੇ ਸਹੁਰੇ ਕੋਲ ਭੀ ਕੀਤਾ ਅਤੇ ਉਸ ਨੂੰ ਆਪਣੀ ਨੂੰਹ ਨੂੰ ਵਰਜਣ ਲਈ ਕਿਹਾ।

ਬੀਬੀ ਚਰਨ ਕੌਰ ਦਾ ਵਿਆਹ ਛੋਟੀ ਉਮਰ ਵਿਚ ਹੀ ਹੋ ਗਿਆ ਸੀ। ਪੂਰਬਲੇ ਕਰਮਾ ਅਨੁਸਾਰ ਉਸ ਨੂੰ ਗੁਰਮੁਖ ਪਤੀ ਮਿਲ ਗਿਆ। ਕੁਝ ਸਾਲਾਂ ਬਾਅਦ ਜਦੋ ਉਹ ਮੁਕਲਾਵੇ ਆਈ ਤਾਂ ਪਤੀ ਦੀ ਪ੍ਰੇਰਨਾ ਅਨੁਸਾਰ ਘੱਗਰੇ ਅਤੇ ਗਹਿਣਿਆਂ ਆਦਿ ਦਾ ਤਿਆਗ ਕਰ ਦਿਤਾ ਸੀ। ਸਹੁਰੇ ਘਰ ਉਹਨਾਂ ਦੇ ਇਸ ਕਦਮ ਦੀ ਕੋਈ ਸਰਾਹਨਾ ਨਾ ਹੋਈ ਸਗੋਂ ਇਸ ਦੇ ਉਲਟ ਗੁੱਸੇ ਅਤੇ ਨਾਰਾਜ਼ਗੀ ਦੀ ਅੱਗ ਬਲਣ ਲੱਗ ਪਈ। ਤੀਵੀਆਂ ਚਰਨ ਕੌਰ ਨੂੰ ਗਹਿਣਿਆਂ ਤੋਂ ਬਿਨਾਂ ਬੁੱਸੀ ਬੁੱਸੀ ਦਸਦੀਆਂ ਅਤੇ ਆਦਮੀ ਘੱਗਰੇ ਤੋਂ ਬਿਨਾਂ ਉਸ ਨੂੰ ਦੇਖ ਨਾਂ ਸਖਾਂਦੇ।

ਬੀਬੀ ਚਰਨ ਕੌਰ ਨਿਤ ਦੇ ਉਲਾਂਭਿਆਂ, ਤਾਨ੍ਹਿਆਂ ਮਿਹਣਿਆਂ ਦੀ ਰਤੀ ਵੀ ਪਰਵਾਹ ਨਾਂ ਕਰਦੀ ਹੋਈ ਦਿਨੋ ਦਿਨ ਗੁਰਮਿਤ ਦੀ ਧਾਰਨੀ ਹੁੰਦੀ ਗਈ। ਵੇਹਲੇ ਸਮੇ ਨਿਤਨੇਮ ਦਾ ਪਾਠ ਯਾਦ ਕਰਦੀ ਜਾਂ ਫਿਰ ਕੋਈ ਪੁਸਤਕ ਪੜ੍ਹਦੀ। ਰਾਤ ਨੂੰ ਆਪਣੇ ਪਤੀ ਨਾਲ ਗੁਰਮਿਤ ਸੰਬਧੀ ਵਿਚਾਰ ਵਟਾਂਦਰਾਂ ਕਰਦੀ ਅਤੇ ਆਪਣੀਆਂ ਊਣ ਤਾਈਆਂ ਨੂੰ ਦੂਰ ਕਰਨ ਲਈ ਉਪਰਾਲੇ ਕਰਦੀ।

ਸਮਾਂ ਬੀਤਦਾ ਗਿਆ, ਗੁਰਮੁਖ ਜੋੜਾ ਗੁਰਮਿਤ ਦੇ ਰਸਤੇ ਤੇ ਪੌੜੀਓ ਪੌੜੀ ਅਗਾਂਹ ਵਧਦਾ ਗਿਆ। ਉਨ੍ਹਾਂ ਦੇ ਹਿਰਦੇ ਵਿੱਚ ਅੰਮ੍ਰਿਤ ਛੱਕਣ ਦੀ ਲਿੱਲ੍ਹ ਜਾਗ ਉੱਠੀ।

ਘਰ ਦਿਆਂ ਨੇ ਲੱਖਣ ਲਗਾ ਲਿਆ ਕਿ ਮੁੰਡਾ ਵਿਗੜ ਗਿਆ ਹੈ ਅਤੇ ਇਸ ਨੇ ਵਹੁਟੀ ਨੂੰ ਭੀ ਵਿਗਾੜ ਦਿੱਤਾ ਹੈ। ਉਨ੍ਹਾਂ ਨੇ ਹੋਰ ਕੋਈ ਚਾਰਾ ਨਾ ਚੱਲਦਾ ਦੇਖ ਕੇ ਚਰਨ ਕੌਰ ਹੋਰਾਂ ਨੂੰ ਜੁਦੇ ਕਰ ਦਿੱਤਾ ਅਤੇ ਘਰੋਂ ਕੋਈ ਵੀ ਸਮਾਨ ਉਨ੍ਹਾਂ ਨੂੰ ਨਾ ਦਿੱਤਾ। ਉਨ੍ਹਾਂ ਨੇ ਇਹ ਹਥਕੰਡਾ ਚਰਨ ਕੌਰ ਹੋਰਾਂ ਨੂੰ ਆਪਣੇ ਖਿਆਲ ਅਨੁਸਾਰ ਸਿਧਿਆਂ ਕਰਨ ਵਾਸਤੇ ਵਰਤਿਆ ਪਰ ਉਹ ਇਹ ਨਾ ਸਮਝ ਸਕੇ ਗੁਰਮੁਖ ਜੋੜਾ ਤੇ ਸਤਿਗੁਰ ਅੱਗੇ ਸਿਰ ਵੇਚਣ ਦੀ ਸੋਚੀ ਬੈਠਾ ਹੈ। ਚਰਨ ਕੌਰ ਹੋਰੀਂ ਦੁਨਿਆਵੀ ਮਾਇਆ ਨਾਲੋਂ ਪ੍ਰੀਤ ਤੋੜ ਕੇ ਅਕਾਲ ਪੁਰਖ ਨਾਲ ਨੇਹ ਜੋੜਨ ਦੇ ਉਪਰਾਲੇ ਕਰ ਰਹੇ ਸਨ। ਜਿਉਂ ਜਿਉਂ ਘਰ ਦੇ ਉਨ੍ਹਾਂ ਨੂੰ ਵਧੇਰੇ ਤੰਗ ਕਰਦੇ ਤਿਉਂ ਤਿਉਂ ਉਹ ਇਨ੍ਹਾਂ ਤੁਕਾਂ ਨੂੰ ਯਾਦ ਕਰਦੇ :

ਜਉ ਤਉ ਪ੍ਰੇਮ ਖੇਲਣ ਕਾ ਚਾਉ।
ਸਿਰ ਧਰਿ ਤਲੀ ਗਲੀ ਮੇਰੀ ਆਉ।
ਇਤੁ ਮਾਰਗਿ ਪੈਰ ਧਰੀਜੈ।
ਸਿਰ ਦੀਜੈ ਕਾਣਿ ਨ ਕੀਜੈ।।

(ਸਲੋਕ ਵਾਰਾਂ ਤੋਂ ਵਧੀਕ)

ਘਰ ਦਿਆਂ ਦੇ ਜੁਦਾ ਕਰਨ ਤੇ ਬੀਬੀ ਚਰਨ ਕੌਰ ਹੋਰਾਂ ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ। ਪ੍ਰਭੂ ਦੇ ਭਾਣੇ ਵਿਚ ਇਹ ਸ਼ਬਦ ਗੁਣਗਣਾਂਦੇ:

"ਜੇ ਸੁਖੁ ਦੇਹਿ ਤ ਤੁਝਹਿ ਅਰਾਧੀ।
ਦੁਖਿ ਭੀ ਤੁਝੈ ਧਿਆਈ।
ਜੇ ਭੁਖ ਦੇਹਿ ਤਾ ਇਤ ਹੀ ਰਾਜਾ,
ਦੁਖ ਵਿਚਿ ਸੂਖ ਮਨਾਈ।"

(ਰਾਗ ਸੂਹੀ ਅਸਟਪਦੀਆਂ ਮ:

ਸਹੁਰੇ ਘਰ ਦਿਆਂ ਦੇ ਜਦੋਂ ਇਸ ਸਲੂਕ ਦੀ ਖਬਰ ਚਰਨ ਕੌਰ ਦੇ ਪੇਕਿਆਂ ਨੂੰ ਪਹੁੰਚੀ ਤਾਂ ਉਨ੍ਹਾਂ ਨੇ ਘਰ ਦੀਆਂ ਲੋੜੀਂਦੀਆਂ ਚੀਜ਼ਾਂ ਵਸਤਾਂ ਦਾ ਗੱਡਾ ਭਰ ਕੇ ਚਰਨ ਕੌਰ ਨੂੰ ਪਹੁੰਚਾ ਦਿੱਤਾ।

ਅਕਾਲ ਪੁਰਖ ਦੇ ਭਾਣੇ ਅੰਦਰ ਸਬਰ ਸ਼ੁਕਰ ਕਰਦਾ ਗੁਰਮੁਖ ਜੋੜਾ ਪ੍ਰਭੂ ਪ੍ਰੀਤ ਵਲ ਕਦਮ ਅਗਾਂਹ ਵਧਾਂਦਾ ਗਿਆ। ਉਡੀਕਾਂ ਉਡੀਕਦਿਆਂ ਨੂੰ ਉਹ ਘੜੀ ਆ ਬਣੀ ਜਦੋਂ ਉਹ "ਨਵੇ ਜੀਵਨ" ਵਾਸਤੇ ਅੰਮ੍ਰਿਤ ਬੂੰਦ ਲਈ


www.AKJ.Org

ਗੁਰੂ ਸ਼ਰਨ ਗੁਰੂ ਰੂਪ ਪੰਜਾਂ ਪਿਆਰਿਆਂ ਅੱਗੇ ਜਾ ਹਾਜ਼ਰ ਹੋਏ। ਸਤਿਗੁਰੂ ਦੇ ਕਦਮਾਂ ਵਿਚ ਜਾ ਢੱਠੇ ਅਤੇ ਆਪਣੇ ਸੀਸ ਸਤਿਗੁਰੂ ਦੇ ਅੱਗੇ ਅਰਪ ਦਿੱਤੇ।

ਗੁਰੂ ਦੀ ਮਿਹਰ ਅਨੁਸਾਰ ਗੁਰਮੁਖ ਜੋੜਾ ਅੰਮ੍ਰਿਤ ਛਕ ਕੇ "ਖ਼ਾਲਸਾ" ਬਣ ਗਿਆ ਅਤੇ ਮਸਤਕ ਮਣੀ ਦਗ ਦਗ ਕਰ ਉੱਠੀ। ਪਿਛਲਾ ਅਨਮਤੀ ਜੀਵਨ ਖ਼ਤਮ ਹੋ ਗਿਆ ਅਤੇ ਸਤਿਗੁਰੂ ਦੇ ਘਰ ਨਵਾਂ ਜਨਮ ਮਿਲ ਗਿਆ।

ਘਰ ਵਿਚ ਗਰੀਬੀ ਨੇ ਪੈਰ ਜਮਾਏ ਹੋਏ ਸਨ। ਕਈ ਵੇਰ ਲੰਗਰ ਮਸਤਾਨਾ ਹੀ ਰਹਿੰਦਾ ਅਤੇ ਕੇਵਲ ਜਲ ਛਕ ਕੇ ਹੀ ਝੱਟ ਲੰਘਾਣਾ ਪੈਂਦਾ।

ਕੁਝ ਸਮਾਂ ਪਾ ਕੇ ਰੋਜ਼ਗਾਰ ਦੇ ਚੱਕਰ ਵਿਚ ਸਿੰਘ ਸਾਹਿਬ ਬਰਮਾ ਨੂੰ ਚਲੇ ਗਏ ਅਤੇ ਪਿਛੇ ਚਰਨ ਕੌਰ ਇਕੱਲੀ ਹੀ ਰਹਿ ਗਈ। ਹੁਣ ਤੱਕ ਚਰਨ ਕੌਰ ਇਕ ਬਾਲ (ਬੱਚੇ) ਦੀ ਮਾਂ ਬਣ ਚੁੱਕੀ ਸੀ।

ਇਕ ਦਿਨ ਤਿਰਕਾਲਾਂ ਵੇਲੇ ਲੋਕਾਂ ਨੇ ਚਰਨ ਕੌਰ ਦੇ ਸਹੁਰੇ ਨੂੰ ਹੱਥ ਵਿਚ ਕੁਹਾੜੀ ਫੜੀ ਬੜੇ ਰੋਹ ਵਿਚ ਚਰਨ ਕੌਰ ਦੇ ਬੂਹੇ ਵਲ ਜਾਂਦਾ ਦੇਖਿਆ। ਚਰਨ ਕੌਰ ਉਸ ਸਮੇਂ ਨਿੱਤ ਵਾਂਗ ਹੱਕ ਵਿਚ ਸਰਬ ਲੋਹ ਦਾ ਗੜਵਾ ਅਤੇ ਮੋਢੇ ਟਕੂਆ ਰੱਖੀ ਜੰਗਲ ਪਾਣੀ ਵਾਸਤੇ ਬਾਹਰ ਜਾਣ ਲੱਗੀ ਸੀ ਕਿ ਉਸ ਦੇ ਸਹੁਰੇ ਨੇ ਉਸ ਨੂੰ ਲਲਕਾਰਿਆ ਅਤੇ ਕਿਹਾ " ਤੈਂ ਸਾਡੀ ਬਥੇਰੀ ਮਿੱਟੀ ਪਲੀਤ ਕਰ ਛੱਡੀ ਏ। ਅਸੀਂ ਹੁਣ ਬਹੁਤੀ ਦੇਰ ਲੋਕਾਂ ਦੀਆਂ ਗੱਲਾਂ ਨਹੀਂ ਸੁਣ ਸਕਦੇ। ਅਜ ਮੈਂ ਤੇਰਾ ਫਸਤਾ ਵੱਢ ਛੱਡਣਾ.........। ਦੇਖ ! ਜੇ ਬਾਹਰ ਜਾਣਾ ਆ ਤਾਂ ਪੱਗ (ਦਸਤਾਰ) ਲਾਹਕੇ ਜਾ ਨਹੀਂ ਤਾਂ ਮੈਂ ਤੇਰਾ ਸਿਰ ਲਾਹ ਛੱਡਣਾ ਆ" ਚਰਨ ਕੌਰ ਚੁੱਪ ਖਲੋਤੀ ਸੁਣਦੀ ਰਹੀ ਅਤੇ ਕੋਈ ਉੱਤਰ ਨਾ ਦਿੱਤਾ। " ਚੁੱਪ ਕਿਉਂ ਖੜੀ ਏਂ ? ਬੋਲਦੀ ਕਿਉਂ ਨਹੀਂ ? " ਚਰਨ ਕੌਰ ਦਾ ਸਹੁਰਾ ਕੜਕਿਆ। "ਬਾਪੂ ਜੀ ਇਹ ਸਿਰ ਤੇ ਗੁਰੂ ਦੇ ਅੱਗੇ ਵਿੱਕ ਚੁੱਕਾ ਹੈ। ਇਸ ਤੋਂ ਮੈਂ ਦਸਤਾਰ ਨਹੀਂ ਲਾਹ ਸਕਦੀ," ਚਰਨ ਕੌਰ ਨੇ ਨਿਮਰਤਾ ਸਹਿਤ ਉੱਤਰ ਦਿੱਤਾ। " ਦਸਤਾਰ ਨਹੀਂ ਲਹਿ ਸਕਦੀ ? ਤਾਂ ਫਿਰ ਤੈਨੂੰ ਸਿਰ ਦੇਣਾ ਪਵੇਗਾ। ਹੁਣ ਤੂੰ ਪੱਗ ਬੰਨ੍ਹ ਕੇ ਬਾਹਰ ਨਹੀਂ ਜਾ ਸਕਦੀ --। ਸਰਦਲੋਂ ਬਾਹਰ ਹੋ ਕੇ ਵਿਖਾ, ਤੇਰਾ ਗਾਟਾ ਨਾ ਲਾਹ ਸੁਟਿਆ।" ਚਰਨ ਕੌਰ ਦੇ ਸਹੁਰੇ ਨੇ ਰੋਹ ਵਿਚ ਬੋਲਦੇ ਹੋਏ ਕਿਹਾ।

ਗਲੀ ਵਿਚ ਰੌਲਾ ਸੁਣ ਕੇ ਲੋਕੀ ਇਕੱਠੇ ਹੋ ਗਏ ਸਨ। ਚਰਨ ਕੌਰ ਨੇ ਆਪਣੇ ਸਹੁਰੇ ਦੇ ਗੁੱਸੇ ਭਰੇ ਬਚਨ ਸੁਣ ਕੇ ਅਕਾਲ ਪੁਰਖ ਦਾ ਧਿਆਨ ਧਰਦਿਆਂ ਕਿਹਾ, "ਲਓ ਬਾਪੂ ਜੀ ਤੁਸੀਂ ਸਿਰ ਲਾਹ ਦਿਓ ਪਰ ਦਸਤਾਰ ਨਹੀਂ ਲਹਿ ਸਕਦੀ। " ਚਰਨ ਕੌਰ ਦੇ ਦ੍ਰਿੜ ਇਰਾਦੇ ਵਾਲੇ ਬਚਨ ਸੁਣ ਕੇ ਉਸਦਾ ਸਹੁਰਾ ਠਠੰਬਰ ਗਿਆ ਅਤੇ ਕੁਹਾੜੀ ਦਾ ਵਾਰ ਕਰਨ ਦਾ ਹੀਆ ਨਾ ਕਰ ਸਕਿਆ। ਗਲੀ ਵਿਚ ਖਲੋਤੇ ਲੋਕਾਂ ਵਿਚੋਂ ਇਕ ਨੇ ਅਵਾਜ਼ ਦਿੱਤੀ,"ਓਏ ਕਿਉਂ ਬਿਚਾਰੀ ਦਾ ਲਹੂ ਪੀਣ ਲੱਗੇ ਹੋਏ ਓ, ਉਸ ਦਾ ਰਾਹ ਕਿਉਂ ਨਹੀਂ ਛੱਡਦੇ ?" ਚਰਨ ਕੌਰ ਦਾ ਸਹੁਰਾ ਘਬਰਾ ਕੇ ਦੰਦ ਪੀਂਹਦਾ ਪਿਛੇ ਹੱਟ ਗਿਆ ਅਤੇ ਚਰਨ ਕੌਰ ਜੰਗਲ ਪਾਣੀ ਲਈ ਬਾਹਰ ਚਲੀ ਗਈ। ਲੋਕੀ ਬਿਤਰ ਬਿਤਰ ਦੇਖਦੇ ਰਹਿ ਗਏ।

("ਸੂਰਾ" ਮਈ, 72 ਵਿੱਚੋਂ)

■■■■■■■■

## ਸੁੰਦਰ ਪ੍ਰਭੂ ਦੀ ਪ੍ਰਾਪਤੀ

ਐਗੁਰੂਕੇਸਿੰਘਾ! ਟੈਲੀਵੀਜ਼ਨ ਤਾਂਕਲਯੁੱਗਦਾਮਿੱਠਾਜ਼ਹਿਰਹੈ। ਜ਼ਹਿਰ, ਜ਼ਹਿਰਹੀਹੈਭਾਵੇਂਉਹਮਿੱਠਾਹੀਕਿਉਂਨਾਲੱਗੇ। ਲੋਕਾਂਵਾਂਗੂੰਤੂੰਵੀਆਪਣੀਬਿਰਤੀਨੂੰਖਿੰਡਾਉਵਿੱਚਨਾਲਿਜਾ। ਗੁਰੂਪਾਤਸ਼ਾਹਨੇਤਾਂਬਿਰਤੀਨੂੰਸੰਕੋਚਣਲਈਹਦਾਇਤਕੀਤੀਹੈ, ਖਿੰਡਾਉਵਾਲੀਬਿਰਤੀਦੁਆਰਾਕੁਝਪੱਲੇਨਹੀਂਪੈਣਾ। ਜੇਕੁੱਝਪ੍ਰਾਪਤਕਰਨਾਹੈਤਾਂਭਗਤਕਬੀਰਜੀਦੇਇਨ੍ਹਾਂਬਚਨਾਂਤੇਅਮਲ ਕਰਨਾਪਵੇਗਾ–

ਹੈ ਹਜ਼ੂਰਿ ਕਤ ਦੂਰਿ ਬਤਾਵਹੁ।।
ਦੰ[illegible] ਬਾਧਹੁ, ਸੁੰਦਰ ਪਾਵਹੁ।। (ਪੰਨਾ੧੧੬੦)

ਮਨਵਿੱਚ[illegible]ਰੱਲੇ–ਰੱਪੋ ਨੂੰ ਬੰਨ੍ਹ(ਰੋਕ)ਲਵੇ, ਸੁੰਦਰਪ੍ਰਭੂਦੀਪ੍ਰਾਪਤੀਹੋਜਾਵੇਗੀ।

ਗੁਰਮ[illegible] ਪ੍ਰਚਾਰ ਲਈ "ਸੂਰਾ" ਦੇ ਵੱਧ ਤੋਂ ਵੱਧ ਨਵੇਂ ਮੈਂਬਰ ਬਣਾਉਣ ਦੀ ਕ੍ਰਿਪਾ ਕਰੋ ਜੀ



www.AKJ.Org

# ਬਾਪੂ ਜੀ ਤੇ ਬੱਚੇ (੧੦)

ਬਾਪੂ ਜੀ ਨੂੰ ਫ਼ਤਹਿ ਬੁਲਾਉਂਦਿਆਂ ਹੀ ਪ੍ਰਭਜੋਤ ਨੇ ਇਉਂ ਸਵਾਲ ਕੀਤਾ–

**ਪ੍ਰਭਜੋਤ** : ਬਾਪੂ ਜੀ ! ਤੁਸੀਂ ਤੇ ਰਾਤ ਨੂੰ ਬਹੁਤ ਛੇਤੀ ਉਠ ਕੇ ਨ੍ਹਾਉਣ ਲੱਗ ਪੈਂਦੇ ਓ। ਤੁਹਾਨੂੰ ਏਨੀ ਛੇਤੀ ਕਿਵੇਂ ਜਾਗ ਆ ਜਾਂਦੀ ਆ ?

**ਬਾਪੂ ਜੀ** : ਤੈਨੂੰ ਕਿਵੇਂ ਪਤਾ ?

**ਪ੍ਰਭਜੋਤ** : ਮੈਨੂੰ ਟੱਟੀਆਂ ਲੱਗੀਆਂ ਹੋਈਆਂ ਸੀ। ਰਾਤੀਂ ਜਦੋਂ ਮੈਂ ਟੱਟੀ ਕਰਨ ਉਠਿਆ ਤਾਂ ਤੁਸੀਂ ਨ੍ਹਾ ਰਹੇ ਸੀ। ਉਦੋਂ ਗਲੀ ਵਿੱਚ ਟਾਮੇਂ ਟਾਮੇਂ ਸਕੂਟਰ ਵੀ ਲੰਘ ਰਹੇ ਸੀ।

**ਬਾਪੂ ਜੀ** : ਬੱਚੂ ! ਤੂੰ ਠੀਕ ਹੀ ਕਹਿੰਦਾ ਹੈਂ।

**ਪ੍ਰਭਜੋਤ** : ਬਾਪੂ ਜੀ ! ਮੈਨੂੰ ਤੇ ਏਨੀ ਛੇਤੀ ਜਾਗ ਨੀ ਔਂਦੀ। ਸਵੇਰੇ ਨੂੰ ਮੰਮੀ ਸੁੱਤੇ ਪਏ ਨੂੰ ਹਲਾ ਹਲਾ ਕੇ ਉਠਾਂਦੀ ਆ।

**ਬਾਪੂ ਜੀ** : ਰਾਤੀਂ ਤੂੰ ਵੀ ਜਾਗਦਾ ਹੀ ਸੀ ਜਦੋਂ ਮੈਂ ਇਸ਼ਨਾਨ ਕਰ ਰਿਹਾ ਸੀ।

**ਪ੍ਰਭਜੋਤ** : ਮੈਂ ਤੇ ਬੀਮਾਰ ਸੀ, ਥੋੜ੍ਹੀ ਥੋੜ੍ਹੀ ਦੇਰ ਬਾਅਦ ਟੱਟੀ ਆ ਜਾਂਦੀ ਸੀ, ਇਸ ਲਈ ਕਾਫ਼ੀ ਰਾਤ ਗਈ ਤੱਕ ਨੀਂਦ ਨਹੀਂ ਆਈ।

**ਅੰਮ੍ਰਿਤਪਾਲ** : ਬਾਪੂ ਜੀ ! ਤੁਹਾਨੂੰ ਸੁੱਤਿਆਂ ਪਿਆਂ ਨੂੰ ਕੌਣ ਉਠਾਲ ਦਿੰਦਾ ਆ, ਤੁਹਾਡੀ ਤੇ ਮੰਮੀ ਹੈ ਨਹੀਂ ?

**ਬਾਪੂ ਜੀ** : ਮੇਰੀ ਮੰਮੀ ਵੀ ਹੈ ਤੇ ਪਿਤਾ ਵੀ।

**ਅੰਮ੍ਰਿਤਪਾਲ** : ਅਸੀਂ ਤੇ ਦੇਖੇ ਨਹੀਂ।

**ਬਾਪੂ ਜੀ** : ਤੁਸੀਂ ਸਕੂਲੇ ਪ੍ਰਾਰਥਨਾ ਵੇਲੇ ਕਿਹੜਾ ਸ਼ਬਦ ਪੜ੍ਹਦੇ ਹੋ ?

**ਅੰਮ੍ਰਿਤਪਾਲ** :

**ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ।**
**ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ।**
**ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ।।**

**ਬਾਪੂ ਜੀ** : ਵਾਹ ਬਈ ਵਾਹ ! ਇਸ ਸ਼ਬਦ ਤੋਂ ਤੁਹਾਨੂੰ ਕੀ ਪਤਾ ਲਗਦਾ ਹੈ ?

**ਅੰਮ੍ਰਿਤਪਾਲ** : ਤੂੰ ਮੇਰਾ ਪਿਤਾ ਹੈਂ, ਤੂੰ ਮੇਰੀ ਮਾਤਾ ਹੈਂ।

**ਬਾਪੂ ਜੀ** : ਕੌਣ ?

**ਅੰਮ੍ਰਿਤਪਾਲ** : ਪ੍ਰਭੂ।

**ਬਾਪੂ ਜੀ** : (ਪ੍ਰਭਜੋਤ ਵਲ ਇਸ਼ਾਰਾ ਕਰ ਕੇ) ਐਹ ਪ੍ਰਭੂ ?

**ਅੰਮ੍ਰਿਤਪਾਲ** : ਨਹੀਂ ! ਜਿਹੜਾ ਉੱਤੇ ਰਹਿੰਦਾ ਆ।

**ਬਾਪੂ ਜੀ** : ਉੱਤੇ ਕਿਥੇ ?

**ਅੰਮ੍ਰਿਤਪਾਲ** : ਅਸਮਾਨ ਤੇ।

**ਬਾਪੂ ਜੀ** : ਕੀ ਅਸਮਾਨ ਤੇ ਉਹਦਾ ਘਰ ਹੈ ?

**ਅੰਮ੍ਰਿਤਪਾਲ** : ਜੇ ਉਹ ਸਾਡਾ ਮਾਤਾ ਪਿਤਾ ਹੈ ਤਾਂ ਸਾਡੀ ਤਰ੍ਹਾਂ ਘਰ ਵਿਚ ਹੀ ਰਹਿੰਦਾ ਹੋਏਗਾ।

**ਕੁਲਜੀਤ ਸਿੰਘ** : ਬਾਪੂ ਜੀ ! ਪ੍ਰਭੂ ਤਾਂ ਸਾਰੇ ਪਾਸੇ ਰਮਿਆ ਹੋਇਆ ਹੈ।

**ਪ੍ਰਭਜੋਤ** : ਤੈਨੂੰ ਉਹਦੇ ਘਰ ਦਾ ਪਤਾ ਆ ?

**ਕੁਲਜੀਤ ਸਿੰਘ** : ਪ੍ਰਭੂ ਏਕੰਕਾਰ (ੴ) ਆ, ਹਰ ਥਾਂ ਮੌਜੂਦ ਹੈ। ਜਪੁ ਜੀ ਸਾਹਿਬ ਵਿੱਚ " ਸੋ ਦਰੁ" ਵਾਲੀ ਪੌੜੀ ਵਿੱਚ ਰੱਬ ਦੇ ਘਰ ਦਾ ਈ ਨਕਸ਼ਾ ਖਿੱਚਿਆ ਹੋਇਆ ਹੈ।

**ਪ੍ਰਭਜੋਤ** : ਕੀ ਤੈਂ ਦੇਖਿਆ ਬੀ ਐ ?

**ਕੁਲਜੀਤ ਸਿੰਘ** : ਮੈਨੂੰ ਕੋਈ ਨਾਲ ਲੈ ਕੇ ਜਾਊਗਾ ਤਾਂ ਪਤਾ ਲੱਗੂ।

**ਪ੍ਰਭਜੋਤ ਤੇ ਅੰਮ੍ਰਿਤਪਾਲ** : ਬਾਪੂ ਜੀ ! ਛੁੱਟੀਆਂ ਵਿੱਚ ਸਾਨੂੰ ਰੱਬ ਦਾ ਘਰ ਜ਼ਰੂਰ ਦਖਾ ਕੇ ਲਿਆਇਓ।

**ਬਾਪੂ ਜੀ** : ਬੱਚੂ ! ਇਹ ਦੁਨੀਆਂ ਜਿਸ ਵਿਚ ਤੁਸੀਂ ਰਹਿੰਦੇ ਹੋ ਰੱਬ ਦਾ ਹੀ ਘਰ ਹੈ। ਅਸੀਂ ਸਾਰੇ ਰੱਬ ਦੇ ਘਰ ਹੀ ਰਹਿੰਦੇ ਹਾਂ। ਗੁਰੂ ਨਾਨਕ ਦੇਵ ਜੀ ਨੇ ਇਉਂ ਹੀ ਲਿਖਿਆ ਹੈ " ਆਸਾ ਦੀ ਵਾਰ " ਵਿੱਚ –

**" ਇਹ ਜਗ ਸਚੈ ਕੀ ਹੈ ਕੋਠੜੀ, ਸੱਚੇ ਕਾ ਵਿਚਿ ਵਾਸੁ।"**

ਬੱਚਿਓ ! ਇਸ ਜਗਤ ਰੂਪ ਘਰ ਵਿੱਚ ਅਸੀਂ ਸਾਰੇ ਹੀ ਬੱਚੇ ਆਪਣੇ ਪ੍ਰਭੂ ਮਾਤਾ ਪਿਤਾ ਦੀ ਗੋਦ ਵਿੱਚ ਖੇਡਦੇ ਹਾਂ। ਪ੍ਰਭੂ ਹੀ ਸਾਡਾ ਪਿਤਾ ਹੈ, ਪ੍ਰਭੂ ਹੀ ਸਾਡੀ ਮਾਤਾ ਹੈ, ਪ੍ਰਭੂ ਹੀ ਸਾਡਾ ਭਰਾ ਹੈ, ਪ੍ਰਭੂ ਹੀ ਸਾਡਾ ਰਿਸ਼ਤੇਦਾਰ ਹੈ, ਪ੍ਰਭੂ ਹੀ ਸਾਡੀ ਰਖਵਾਲੀ ਕਰਦਾ ਹੈ, ਉਹੀ ਸਾਡਾ ਰਾਖਾ ਹੈ।

**ਕੁਲਜੀਤ ਸਿੰਘ** : ਜੇ ਪ੍ਰਭੂ ਹੀ ਸਾਡਾ ਰਾਖਾ ਹੈ ਤਾਂ ਡਰ ਕਾਹਦਾ

**ਪ੍ਰਭਜੋਤ** : ਬਾਪੂ ਜੀ ! ਅੰਮ੍ਰਿਤਪਾਲ ਬਹੁਤ ਡਰਾਕਲ ਆ।

**ਅੰਮ੍ਰਿਤਪਾਲ** : ਜਾਹ ਓਏ ਜਾਹ ! ਮੈਂ ਤੇ ਹੁਣ ਨ੍ਹੇਰੇ ਵਿੱਚ ਵਾਹਿਗੁਰੂ ਵਾਹਿਗੁਰੂ ਕਰਨ ਲੱਗ ਪੈਨਾ ਆਂ। ਮੈਨੂੰ ਫੇਰ ਡਰ ਨਹੀਂ ਲਗਦਾ।

**ਬਾਪੂ ਜੀ** : ਬੱਚਿਓ ! ਜਿਵੇਂ ਤੁਸੀਂ ਔਖੀ ਵੇਲੇ ਆਪਣੇ ਮਾਂ ਪਿਓ, ਭੈਣ–ਭਰਾ ਨੂੰ ਹਾਕ ਮਾਰ ਲੈਂਦੇ ਓ, ਉਹ ਤੁਹਾਡੀ ਮਦਦ ਲਈ ਆ ਬਹੁੜਦੇ ਹਨ, ਇਵੇਂ ਹੀ ਜਦੋਂ ਅਸੀਂ ਪ੍ਰਭੂ ਪ੍ਰਮਾਤਮਾ ਨੂੰ ਯਾਦ ਕਰਦੇ ਹਾਂ ਤਾਂ ਉਹ ਵੀ ਸਾਡੀ ਸਹਾਇਤਾ ਕਰਦਾ ਹੈ। ਵਾਹਿਗੁਰੂ ਵਾਹਿਗੁਰੂ ਕਰਨਾ ਇਕ ਪ੍ਰਕਾਰ ਦੀਆਂ ਪ੍ਰਭੂ ਨੂੰ ਵਾਜਾਂ ਮਾਰਨੀਆਂ ਹੀ ਹਨ।

**ਪ੍ਰਭਜੋਤ** : ਮੰਮੀ ਤਾਂ ਸਾਨੂੰ ਸੋਹਣੇ ਸੋਹਣੇ ਕਪੜੇ ਸਮਾ ਕੇ



www.AKJ.Org

ਦਿੰਦੀ ਆ, ਖਾਣ ਲਈ ਕਈ ਤਰ੍ਹਾਂ ਦੀਆਂ ਚੀਜ਼ਾਂ ਦਿੰਦੀ ਆ, ਰੱਬ ਤੇ ਦਿੰਦਾ ਦੇਖਿਆ ਨੀ।

**ਬਾਪੂ ਜੀ** : ਸਾਰੀਆਂ ਚੀਜ਼ਾਂ ਰੱਬ ਦੀਆਂ ਹੀ ਤਾਂ ਦਿੱਤੀਆਂ ਹੋਈਆਂ ਹਨ। ਅਸੀਂ ਉਹਦੀਆਂ ਦਿੱਤੀਆਂ ਹੋਈਆਂ ਚੀਜ਼ਾਂ ਹੀ ਵਰਤਦੇ ਹਾਂ। ਹਵਾ ਤੇ ਪਾਣੀ ਬਿਨਾਂ ਅਸੀਂ ਜੀਉਂਦੇ ਨਹੀਂ ਰਹਿ ਸਕਦੇ, ਭਾਂਤ ਭਾਂਤ ਦੇ ਫਲ ਫਰੂਟ, ਅਨਾਜ ਆਦਿ ਰੱਬ ਦੀ ਬਣਾਈ ਧਰਤੀ ਵਿੱਚੋਂ ਹੀ ਪੈਦਾ ਹੁੰਦੇ ਹਨ। ਰੱਬ ਦੀ ਦਿੱਤੀ ਸੋਝੀ ਅਨੁਸਾਰ ਅਸੀਂ ਉਸ ਦੀਆਂ ਦਾਤਾਂ ਦਾ ਲਾਭ ਉਠਾਉਂਦੇ ਹਾਂ ਅਤੇ ਪ੍ਰਸੰਨ ਰਹਿੰਦੇ ਹਾਂ। ਉਸ ਦੇ ਭੰਡਾਰੇ ਏਨੇ ਵੱਡੇ ਤੇ ਖੁੱਲ੍ਹੇ ਹਨ ਕਿ ਉਹ ਦਾਤਾਂ ਦੇਂਦਾ ਅੱਕਦਾ ਨਹੀਂ, ਅਸੀਂ ਲੈ ਲੈ ਥੱਕ ਜਾਂਦੇ ਹਾਂ, ਖਾਂਦਿਆਂ ਖਾਂਦਿਆਂ ਸਾਡੀ ਬੱਸ ਹੋ ਜਾਂਦੀ ਹੈ।

**ਕੁਲਜੀਤ ਸਿੰਘ** : ਬਾਪੂ ਜੀ ! ਜਪੁ ਜੀ ਸਾਹਿਬ ਵਿੱਚ ਲਿਖਿਆ ਹੋਇਆ ਹੈ –

**"ਦੇਦਾ ਦੇ, ਲੈਦੇ ਥਕਿ ਪਾਹਿ। ਜੁਗਾ ਜੁਗੰਤਰਿ ਖਾਹੀ ਖਾਹਿ।"**

**ਬਾਪੂ ਜੀ** : ਬਿਲਕੁਲ ਠੀਕ ! ਬੱਚਿਓ ! ਦੁਨੀਆਂ ਦੇ ਸਾਰੇ ਜੀਵ ਜੁਗਾਂ ਜੁਗੰਤਰਾਂ ਭਾਵ ਸਦਾ ਤੋਂ ਹੀ ਰੱਬ ਦੇ ਦਿੱਤੇ ਪਦਾਰਥ ਖਾਂਦੇ ਚਲੇ ਆ ਰਹੇ ਹਨ।

**ਪ੍ਰਭਜੋਤ** : ਇਹ ਤੇ ਗਲ ਸਮਝ ਆ ਗਈ ਕਿ ਰੱਬ ਸਾਨੂੰ ਖਾਣ ਪੀਣ, ਵਰਤਣ ਨੂੰ ਸਾਰੀਆਂ ਚੀਜ਼ਾਂ ਦਿੰਦਾ ਆ, ਇਹ ਦੱਸੋ ਥੁਆਨੂੰ ਸੁੱਤਿਆਂ ਪਿਆਂ ਨੂੰ ਕੌਣ ਉਠਾਲਦਾ ਆ ?

**ਬਾਪੂ ਜੀ** : ਤੈਨੂੰ ਕੌਣ ਉਠਾਲਦਾ ਆ ?

**ਪ੍ਰਭਜੋਤ** : ਮੇਰੀ ਮੰਮੀ ।

**ਬਾਪੂ ਜੀ** : ਮੈਨੂੰ ਵੀ ਮੇਰੀ ਮੰਮੀ ਉਠਾਲਦੀ ਆ।

**ਪ੍ਰਭਜੋਤ** : ਥੁਆਡੀ ਤਾਂ ਮੰਮੀ ਹੈ ਨੀਂ।

**ਬਾਪੂ ਜੀ** : ਕੌਣ ਕਹਿੰਦਾ ਮੇਰੀ ਮੰਮੀ ਹੈ ਨਹੀਂ ?

**ਪ੍ਰਭਜੋਤ** : ਦਖਾਓ ਤਾਂ ਕਿੱਥੇ ਆ ?

**ਬਾਪੂ ਜੀ** : ਮੇਰੀ ਮੰਮੀ ਕੰਮ ਕਾਰ ਵਿੱਚ ਲੱਗੀ ਰਹਿੰਦੀ ਆ। ਮੇਰਾ ਹਰ ਵੇਲੇ ਖ਼ਿਆਲ ਰੱਖਦੀ ਹੈ। ਜਿਵੇਂ ਤੇਰੀ ਮੰਮੀ ਸੁੱਤੇ ਪਏ ਨੂੰ ਵੇਲੇ ਸਿਰ ਉਠਾਲ ਦਿੰਦੀ ਹੈ, ਇਉਂ ਹੀ ਮੇਰੀ ਮੰਮੀ ਵੀ ਮੈਨੂੰ ਟੈਮ ਸਿਰ ਜਗਾ ਦਿੰਦੀ ਹੈ। ਤੇਰੀ ਮੰਮੀ ਤੇਰੇ ਬਿਨ ਪੁੱਛੇ ਹੀ ਤੇਰੇ ਲਈ ਸੋਹਣੇ ਸੋਹਣੇ ਕਪੜੇ ਤੇ ਹੋਰ ਲੋੜੀਂਦੀਆਂ ਚੀਜ਼ਾਂ ਵਸਤਾਂ ਲਿਆ ਰੱਖਦੀ ਹੈ। ਮੇਰੀ ਮੰਮੀ ਵੀ ਮੇਰੀ ਲੋੜ ਨੂੰ ਧਿਆਨ ਵਿੱਚ ਰੱਖ ਕੇ ਮੇਰੇ ਲਈ ਹਰ ਚੀਜ਼ ਦਾ ਪ੍ਰਬੰਧ ਕਰ ਦਿੰਦੀ ਹੈ। ਮੈਨੂੰ ਜਦੋਂ ਕਿਸੇ ਚੀਜ਼ ਦੀ ਲੋੜ ਪੈਂਦੀ ਹੈ ਮੈਂ ਵੀ ਤੇਰੇ ਵਾਂਗ ਆਪਣੀ ਮੰਮੀ ਕੋਲੋਂ ਮੰਗ ਲੈਂਦਾ ਹਾਂ । ਮੇਰੀ ਮੰਮੀ ਏਨੀ ਸਿਆਣੀ ਹੈ ਕਿ ਮੇਰੀ ਹਰ ਲੋੜ ਨੂੰ ਬੁੱਝ ਲੈਂਦੀ ਹੈ ਅਤੇ ਬਿਨਾਂ ਮੰਗੇ ਹੀ ਮੇਰੀਆਂ ਜੇਬਾਂ ਭਰ ਦਿੰਦੀ ਹੈ। ਉਹ ਮੇਰਾ ਬਹੁਤ ਖ਼ਿਆਲ ਰੱਖਦੀ ਹੈ, ਕਿਸੇ ਗੱਲ ਦੀ ਊਣਤਾਈ ਨਹੀਂ ਰਹਿਣ ਦਿੰਦੀ। ਜੇ ਕਿਸੇ ਵੇਲੇ ਮੈਨੂੰ ਲੋੜ ਪੈ ਜਾਵੇ ਤਾਂ ਮੈਂ ਉਸ ਨੂੰ ਵਾਜ ਮਾਰ ਕੇ ਦੱਸ ਦਿੰਦਾ ਹਾਂ।

**ਪ੍ਰਭਜੋਤ** : ਕੀ ਤੁਹਾਡੀ ਮੰਮੀ ਤੁਹਾਡੇ ਬੁਲਾਉਣ ਤੇ ਆ ਜਾਂਦੀ ਹੈ ?

**ਬਾਪੂ ਜੀ** : ਹਾਂ।

**ਪ੍ਰਭਜੋਤ** : ਹਾਕ ਮਾਰੋ ਤਾਂ।

**ਬਾਪੂ ਜੀ** : ਮੰਮੀ ..............( ਲੰਮੀਂ ਹੇਕ ਵਿੱਚ)

**ਪ੍ਰਭਜੋਤ** : (ਬੂਹੇ ਵਲ ਥੋੜ੍ਹੀ ਦੇਰ ਦੇਖ ਕੇ) ਆਈ ਤੇ ਹੈ ਨੀਂ।

**ਬਾਪੂ ਜੀ** : ਆਹ ਦੇਖ ਤਾਂ !

**ਪ੍ਰਭਜੋਤ** : ਕਿਥੇ ?

**ਬਾਪੂ ਜੀ** : **ਨਾਨਕ ਸੇ ਅਖੜੀਆ ਬਿਅੰਨ,**
**ਜਿਨੀ ਡਿਸੰਦੋ ਮਾ ਪਿਰੀ।** (ਪੰਨਾ ੧੧੦੦)

**ਕੁਲਜੀਤ ਸਿੰਘ** : ਇਹਦਾ ਕੀ ਮਤਲਬ ?

**ਬਾਪੂ ਜੀ** : ਉਹ ਅੱਖਾਂ ਹੋਰ ਕਿਸਮ ਦੀਆਂ ਹਨ ਜਿਨ੍ਹਾਂ ਨਾਲ ਪ੍ਰਭੂ ਪ੍ਰੀਤਮ ਦਿੱਸਦਾ ਹੈ।

**ਪ੍ਰਭਜੋਤ** : ਬਾਪੂ ਜੀ ! ਤੁਸੀ ਤੇ ਮੰਮੀ ਦੀ ਗੱਲ ਕਰਦੇ ਸੀ।

**ਬਾਪੂ ਜੀ** : ਬੱਚੂ ਪ੍ਰਭੂ ਪ੍ਰੀਤਮ ਹੀ ਸਾਡੀ ਮਾਂ, ਸਾਡਾ ਪਿਓ, ਸਾਡੀ ਭੈਣ, ਸਾਡਾ ਭਰਾ, ਸਾਡਾ ਰਿਸ਼ਤੇਦਾਰ, ਸਾਡਾ ਮਿੱਤਰ ਹੈ।

**ਅੰਮ੍ਰਿਤਪਾਲ** : ਬਾਪੂ ਜੀ! ਸਾਡੇ ਸਕੂਲ ਦੀ ਪ੍ਰਾਰਥਨਾ ਵਾਲਾ ਸਬਦ ਬੀ ਇੱਦਾ ਦਾ ਈ ਆ–

**ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ।**
**ਤੂੰ ਮੇਰਾ ਬੰਧਪੁ ਤੂੰ ਹੈ ਮੇਰਾ ਭ੍ਰਾਤਾ।**

**ਬਾਪੂ ਜੀ** : ਬਿਲਕੁਲ ਠੀਕ।

**ਕੁਲਜੀਤ ਸਿੰਘ** : ਬਾਪੂ ਜੀ ! ਉਹ ਅੱਖਾਂ ਕੇਹੜੀਆਂ ਹਨ ਜਿਨ੍ਹਾਂ ਨਾਲ ਪ੍ਰਭੂ ਦਿਸ ਪੈਂਦਾ ਆ ?

**ਬਾਪੂ ਜੀ** : ਪ੍ਰਭੂ ਜੋਤਿ ਸਰੂਪ ਹੈ। ਜੋਤਿ ਦਾ ਪ੍ਰਗਟ ਹੋਣਾ ਤੀਜਾ ਨੇਤਰ ਖੁੱਲ੍ਹਣ ਹੈ। ਜਿਸ ਗੁਰਮੁਖ ਪਿਆਰੇ ਦੇ ਮੱਥੇ ਤੇ ਜੋਤਿ ਪ੍ਰਗਟ ਹੋ ਜਾਂਦੀ ਹੈ, ਉਸ ਨੂੰ ਪ੍ਰਭੂ ਪ੍ਰੀਤਮ ਦੇ ਦਰਸ਼ਨ ਹੋ ਜਾਂਦੇ ਹਨ।

**ਕੁਲਜੀਤ ਸਿੰਘ** : ਜੋਤਿ ਕਿਵੇਂ ਪ੍ਰਗਟ ਹੁੰਦੀ ਹੈ ?

**ਬਾਪੂ ਜੀ** : ਨਾਮ ਜਪਣ ਨਾਲ, ਹਿਰਦੇ ਵਿੱਚ ਪ੍ਰਭੂ ਦਾ ਨਾਮ ਵਸਾਉਣ ਨਾਲ–

**ਚਰਨ ਕਮਲ ਰਿਦ ਅੰਤਰਿ ਧਾਰੇ।।**
**ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ।** (ਪੰਨਾ ੩੭੫)



www.AKJ.Org

ਕੁਲਜੀਤ ਸਿੰਘ : ਇਨ੍ਹਾਂ ਤੁਕਾਂ ਦਾ ਕੀ ਅਰਥ ?

ਬਾਪੂ ਜੀ : ਜਿਸ ਨੇ ਆਪਣੇ ਹਿਰਦੇ ਵਿੱਚ ਗੁਰੂ ਦੇ ਸੋਹਣੇ ਚਰਨ (ਸ਼ਬਦ/ਨਾਮ) ਟਿਕਾ ਲਏ ਉਸ ਦੇ ਪਰਮਾਤਮਾ ਦੀ ਜੋਤਿ ਪ੍ਰਗਟ ਹੋ ਗਈ, ਉਸ ਨੂੰ ਪਿਆਰਾ ਪ੍ਰਭੂ ਮਿਲ ਪਿਆ।

ਪ੍ਰਭਜੋਤ : ਬਾਪੂ ਜੀ ! ਕੀ ਤੁਹਾਨੂੰ ਪ੍ਰਭੂ ਮਿਲ ਪਿਆ ਹੈ ?

ਬਾਪੂ ਜੀ : ਪ੍ਰਭੂ ਤੇ ਮੇਰੇ ਕੋਲ ਹੀ ਬੈਠਾ ਹੈ। ਤੂੰ ਪ੍ਰਭੂ ਹੀ ਹੈਂ।

ਪ੍ਰਭਜੋਤ : ਮੇਰਾ ਤੇ ਨਾਂ ਪ੍ਰਭਜੋਤ ਹੈ, ਮੈਂ ਰੱਬ ਥੋੜ੍ਹੀ ਆਂ।

ਬਾਪੂ ਜੀ : ਪਾਣੀ ਤਾਂ ਇਕੋ ਹੀ ਹੈ, ਚਾਹੇ ਉਹ ਬਾਲਟੀ ਵਿੱਚ ਹੋਵੇ ਜਾਂ ਗਲਾਸ ਵਿੱਚ, ਸਮੁੰਦਰ ਵਿੱਚ ਜਾਂ ਨਦੀ ਵਿੱਚ।

ਕੁਲਜੀਤ ਸਿੰਘ : ਬਾਪੂ ਜੀ ! ਪਾਣੀ ਰੱਬ ਥੋੜ੍ਹੀ ਆਂ।

ਬਾਪੂ ਜੀ : ਮੈਂ ਕਦ ਕਿਹਾ ਕਿ ਪਾਣੀ ਰੱਬ ਹੈ ?

ਕੁਲਜੀਤ ਸਿੰਘ : ਫੇਰ ਇਹ ਪ੍ਰਭੂ (ਪ੍ਰਭਜੋਤ) ਰੱਬ ਕਿਵੇਂ ਹੋਇਆ ?

ਬਾਪੂ ਜੀ : ਸੂਰਜ ਤਾਂ ਤੁਸੀਂ ਦੇਖਦੇ ਹੀ ਹੋ, ਸਾਰੀ ਦੁਨੀਆਂ ਉਸ ਦੀ ਲੋਅ ਨਾਲ ਰੁਸ਼ਨਾ ਜਾਂਦੀ ਹੈ। ਉਸ ਦੀਆਂ ਕਿਰਨਾਂ ਤੁਹਾਡੇ ਘਰ ਵਿੱਚ ਚਾਨਣ ਪੈਦਾ ਕਰ ਦਿੰਦੀਆਂ ਹਨ। ਸੂਰਜ ਤੇ ਉਸ ਦੀਆਂ ਕਿਰਨਾਂ ਵਿੱਚ ਕੀ ਫਰਕ ਹੈ ?

ਕੁਲਜੀਤ ਸਿੰਘ : ਕਿਰਨਾਂ ਸੂਰਜ ਦਾ ਹੀ ਹਿੱਸਾ ਹਨ।

ਬਾਪੂ ਜੀ : ਜਿਵੇਂ ਕਿਰਨਾਂ ਸੂਰਜ ਦਾ ਹਿੱਸਾ ਹਨ, ਇਸੇ ਹੀ ਤਰ੍ਹਾਂ ਸਾਰੇ ਜੀਵ ਪਰਮਾਤਮਾ ਦੀ ਅੰਸ਼ ਹਨ।

ਕੁਲਜੀਤ ਸਿੰਘ : ਬੰਦੇ ਪਰਮਾਤਮਾ ਦੀ ਅੰਸ਼ ਕਿਵੇਂ ਹਨ ?

ਬਾਪੂ ਜੀ : ਹਰ ਜੀਵ ਵਿੱਚ ਆਤਮਾ ਹੈ। ਆਤਮਾ, ਪਰਮਾਤਮਾ ਦੀ ਅੰਸ਼ ਹੈ। ਆਤਮਾ ਸਦਕਾ ਹੀ ਜੀਵ ਬੋਲਦੇ ਚੱਲਦੇ ਅਤੇ ਕੰਮ ਕਾਰ ਕਰਦੇ ਹਨ। ਜਦੋਂ ਜੀਵ ਵਿੱਚੋਂ ਆਤਮਾ ਵੱਖ ਹੋ ਜਾਂਦੀ ਹੈ, ਚਲੀ ਜਾਂਦੀ ਹੈ ਤਾਂ ਅਸੀਂ ਕਹਿ ਦਿੰਦੇ ਹਾਂ ਕਿ ਇਹ ਤਾਂ ਹਿਲਦਾ ਜੁਲਦਾ ਹੀ ਨਹੀਂ ਮਰ ਗਿਆ ਹੈ। ਅਸੀਂ ਉਸ ਨੂੰ ਚੁੱਕ ਕੇ ਫੂਕ ਦਿੰਦੇ ਹਾਂ ਜਾਂ ਟੋਆ ਪੁੱਟ ਕੇ ਮਿੱਟੀ ਵਿੱਚ ਦੱਬ ਦਿੰਦੇ ਹਾਂ।

ਗੁਰੂ ਸਹਿਬ ਕਹਿੰਦੇ ਹਨ–

**ਸਭ ਮਹਿ ਜੋਤਿ ਜੋਤ ਹੈ ਸੋਇ**

**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ। (ਪੰਨਾ ੬੬੩)**

ਸਾਰੇ ਜੀਵਾਂ ਵਿੱਚ ਪਰਮਾਤਮਾ ਦੀ ਜੋਤਿ ਹੈ, ਉਸ ਜੋਤਿ ਦੇ ਪ੍ਰਕਾਸ਼ ਕਾਰਨ ਹੀ ਸਾਰੇ ਜੀਵਾਂ ਵਿੱਚ ਸੱਤਿਆਂ (ਸ਼ਕਤੀ) ਹੈ।

ਬੱਚਿਓ ! ਤੁਸੀਂ ਬਿਜਲੀ ਦਾ ਬਲਬ ਜਗਦਾ ਤਾਂ ਦੇਖਿਆ ਹੀ ਹੈ। ਬਲਬ ਦੇ ਜਗਣ ਕਾਰਨ ਸਾਰੇ ਪਾਸੇ ਪ੍ਰਕਾਸ਼ ਹੁੰਦਾ ਹੈ। ਜੇ ਬਲਬ ਬੁੱਝ ਜਾਏ ਤਾਂ ਹਨ੍ਹੇਰਾ ਹੋ ਜਾਂਦਾ ਹੈ। ਤੁਸੀਂ ਦੱਸੋ ਕਿ ਬਲਬ ਦੀ ਰੌਸ਼ਨੀ ਕਿਵੇਂ ਖਤਮ ਹੋ ਜਾਂਦੀ ਹੈ ?

ਅੰਮ੍ਰਿਤਪਾਲ : ਜਦੋਂ ਅਸੀਂ ਸੁੱਚ ਔਫ ਕਰ ਦਿੰਦੇ ਹਾਂ, ਬਲਬ ਬੁੱਝ ਜਾਂਦਾ ਹੈ।

ਪ੍ਰਭਜੋਤ : ਬਲਬ ਦੇ ਫ਼ੂਜ (Fuse) ਹੋ ਜਾਣ ਨਾਲ ਵੀ ਹਨ੍ਹੇਰਾ ਪੈ ਜਾਂਦਾ ਹੈ।

ਕੁਲਜੀਤ ਸਿੰਘ : ਜੇ ਬਿਜਲੀ ਦੀ ਲੈਨ ਵਿੱਚ ਕੋਈ ਨੁਕਸ ਪੈ ਜਾਵੇ ਜਾਂ ਤਾਰ ਟੁੱਟ ਜਾਵੇ ਤਾਂ ਵੀ ਬਿਜਲੀ ਬੰਦ ਹੋ ਜਾਂਦੀ ਹੈ।

ਬਾਪੂ ਜੀ : ਬਿਜਲੀ ਕਿਥੋਂ ਆਉਂਦੀ ਹੈ।

ਕੁਲਜੀਤ ਸਿੰਘ : ਬਿਜਲੀ ਘਰ ਤੋਂ।

ਬਾਪੂ ਜੀ : ਬੱਚਿਓ ! ਇੱਸੇ ਹੀ ਤਰਾਂ ਜੀਵ ਵੀ ਇਕ ਪ੍ਰਕਾਰ ਦੇ ਬਲਬ ਹਨ ਜਿਹੜੇ ਪਰਮਾਤਮਾ ਰੂਪ ਬਿਜਲੀ ਘਰ ਨਾਲ ਜੁੜੇ ਹੋਏ ਹਨ। ਜਦੋਂ ਇਨ੍ਹਾਂ ਦਾ ਕੁਨੈਕਸ਼ਨ ਜੋਤਿ ਸਰੂਪ ਪਰਮਾਤਮਾਂ ਨਾਲੋਂ ਟੁੱਟ ਜਾਂਦਾ ਹੈ ਤਾਂ ਹਨ੍ਹੇਰਾ ਪੈ ਜਾਂਦਾ ਹੈ। ਹਨ੍ਹੇਰੇ ਵਿੱਚ ਮਨੁੱਖ ਠੇਡੇ ਖਾਂਦਾ ਲੱਤਾਂ ਬਾਹਾਂ ਭਨਾ ਬੈਠਦਾ ਹੈ। ਸਾਡੇ ਜੀਵਨ ਦਾ ਮਨੋਰਥ ਆਪਣੀ ਆਤਮਾ ਨੂੰ ਪਰਮਾਤਮਾ ਨਾਲ ਜੋੜ ਕੇ ਅਗਿਆਨਤਾ ਦੇ ਹਨ੍ਹੇਰੇ ਵਿੱਚ ਚਾਨਣ ਪੈਦਾ ਕਰਨਾ ਹੈ ਤਾਂ ਜੋ ਅਸੀਂ ਸੁਖੀ ਜੀਵਨ ਬਿਤਾ ਸਕੀਏ।

ਕੁਲਜੀਤ ਸਿੰਘ : ਬਾਪੂ ਜੀ!ਪ੍ਰਭਜੋਤ ਰੱਬ ਕਿਵੇਂ ਹੋਇਆ ?

ਬਾਪੂ ਜੀ : ਪ੍ਰਭਜੋਤ ਅੰਦਰ ਪਰਮਾਤਮਾ (ਰੱਬ) ਦੀ ਅੰਸ਼ ਆਤਮਾ ਹੋਣ ਕਰਕੇ ਅਸੀਂ ਕਹਿ ਦਿੰਦੇ ਹਾਂ ਕਿ ਇਹ ਰੱਬ ਰੂਪ ਹੈ।

ਕੁਲਜੀਤ ਸਿੰਘ : ਜੇ ਸਾਰੇ ਬੰਦੇ ਰੱਬ ਰੂਪ ਹਨ ਤਾਂ ਆਪੋ ਵਿੱਚ ਲੜਦੇ ਕਿਉਂ ਹਨ ?

ਬਾਪੂ ਜੀ : ਜਦੋਂ ਛਪੜੀ ਦਾ ਸੰਪਰਕ ਵਗਦੀ ਨਦੀ ਨਾਲੋਂ ਟੁੱਟ ਜਾਂਦਾ ਹੈ ਤਾਂ ਇਸ ਦਾ ਪਾਣੀ ਬਦਬੂ ਮਾਰਨ ਲੱਗ ਪੈਂਦਾ ਹੈ ਅਤੇ ਬੀਮਾਰੀ ਦਾ ਕਾਰਨ ਬਣ ਜਾਂਦਾ ਹੈ। ਲੋਕੀਂ ਛਪੜੀਆਂ ਦਾ ਗੰਦਾ ਪਾਣੀ ਪੀ ਕੇ ਬੀਮਾਰ ਹੋ ਜਾਂਦੇ ਹਨ। ਇਸੇ ਹੀ ਤਰ੍ਹਾਂ ਪਰਮਾਤਮਾ (ਰੱਬ) ਨਾਲੋਂ ਟੁੱਟੀ ਜੀਵ–ਆਤਮਾ ਹਨ੍ਹੇਰੇ ਵਿੱਚ ਠੇਡੇ ਖਾਂਦੀ ਫਿਰਦੀ ਹੈ, ਕਦੇ ਕਿੱਧਰੇ ਟੱਕਰਾਂ ਮਾਰਦੀ ਹੈ ਕਦੇ ਕਿਧਰੇ, ਕਦੇ ਕਿਸੇ ਨਾਲ ਖਹਿੰਦੀ ਹੈ ਕਦੇ ਕਿਸੇ ਨਾਲ ਲੜਾਈ ਝਗੜਾ ਕਰਦੀ ਹੈ।

ਕੁਲਜੀਤ ਸਿੰਘ : ਫੇਰ ਦੁਨੀਆਂ ਦੇ ਲੜਾਈ ਝਗੜੇ ਕਿਵੇਂ ਖਤਮ ਹੋ ਸਕਦੇ ਹਨ ?

ਬਾਪੂ ਜੀ : ਇਸ ਦਾ ਇਕੋ ਇਕ ਹੱਲ ਸੱਚੇ ਗੁਰੂ ਰੂਪ ਸਬ–ਸਟੇਸ਼ਨ ਨਾਲ ਜੁੜਨਾ ਹੈ। ਸਤਿਗੁਰੂ ਦੀ ਸ਼ਰਨ ਆ ਕੇ



www.AKJ.Org

ਉਸ ਦੇ ਉਪਦੇਸ਼ਾਂ ਅਨੁਸਾਰ ਚੱਲਣਾ।

**ਕੁਲਜੀਤ ਸਿੰਘ** : ਕਿਹੜਾ ਸਤਿਗੁਰੂ ?

**ਬਾਪੂ ਜੀ** : ਦਸੋਂ ਪਾਤਸ਼ਾਹੀਆਂ ਦੇ ਆਤਮਕ ਸਰੂਪ ਜੁਗੋ ਜੁਗ ਅਟੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

**ਕੁਲਜੀਤ ਸਿੰਘ** : ਉਹ ਤੇ ਬੋਲਦੇ ਨਹੀਂ।

**ਬਾਪੂ ਜੀ** : ਬੋਲਦੇ ਕਿਉਂ ਨਹੀਂ ? ਬੋਲ ਤੁਸੀਂ ਕਿਸ ਨੂੰ ਕਹਿੰਦੇ ਹੋ ? ਜਦੋਂ ਤੁਸੀਂ ਬੋਲਦੇ ਹੋ, ਤੁਹਾਡੇ ਮੂੰਹ ਵਿਚੋਂ ਕੀ ਨਿਕਲਦਾ ਹੈ ?

**ਕੁਲਜੀਤ ਸਿੰਘ** : ਬੋਲ।

**ਬਾਪੂ ਜੀ** : ਅਸੀਂ ਸ਼ਬਦ ਬੋਲਦੇ ਹਾਂ, ਸ਼ਬਦ, ਵਾਕ ਬਣ ਜਾਂਦੇ ਹਨ ਅਤੇ ਵਾਕ, ਵਾਰਤਾ ਹੋ ਨਿੱਬੜਦੀ ਹੈ। ਜਿਸ ਨੂੰ ਅਸੀਂ ਬਿਆਨ ਜਾਂ ਉਪਦੇਸ਼ ਕਹਿੰਦੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ "ਸ਼ਬਦ ਗੁਰੂ" ਹਨ, ਉਨ੍ਹਾਂ ਦੀ ਬਾਣੀ, ਧੁਰ ਕੀ ਬਾਣੀ ਹੈ। ਨਿਰੰਕਾਰ ਦਾ ਸਰੂਪ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ **"ਸਤਿਗੁਰ ਮੈ ਸਬਦ, ਸਬਦ ਮੈ ਸਤਿਗੁਰ ਹੈ।"**

ਅਤੇ ਗੁਰੂ ਰਾਮਦਾਸ ਜੀ ਨੇ ਲਿਖਿਆ ਹੈ–

**"ਗੁਰਸਬਦੀ ਗੋਵਿੰਦੁ ਗਜਿਆ।"**

ਜਿਵੇਂ ਬੋਲਣ ਸਮੇਂ ਸਾਡੇ ਮੂੰਹ ਵਿਚੋਂ ਨਿਕਲਿਆ ਸ਼ਬਦ ਗੂੰਜਦਾ ਹੈ ਤਿਵੇਂ ਗੁਰੂ ਦੇ ਸ਼ਬਦ ਦੀਆਂ ਗੂੰਜਾਂ ਪੈਂਦੀਆਂ ਹਨ। ਜਦੋਂ ਅਸੀਂ ਪਾਠ ਜਾਂ ਕੀਰਤਨ ਕਰਦੇ ਹਾਂ, ਸ਼ਬਦ ਹੀ ਗੂੰਜਦਾ ਹੈ, ਸ਼ਬਦ ਹੀ ਸਾਡੇ ਕਪਾਟ ਖੋਹਦਾ ਹੈ, ਸ਼ਬਦ ਹੀ ਸਾਨੂੰ ਸੋਝੀ ਬਖ਼ਸ਼ਦਾ ਹੈ, ਸ਼ਬਦ ਹੀ ਸਾਨੂੰ ਡੰਗੋਰੀ ਦਾ ਕੰਮ ਦਿੰਦਾ ਹੈ, ਸ਼ਬਦ ਹੀ ਸਾਡੀ ਸੁਰਤਿ ਦਾ ਜਹਾਜ ਬਣ ਕੇ ਸਾਨੂੰ ਸੰਸਾਰ ਸਮੁੰਦਰ ਵਿੱਚੋਂ ਪਾਰ ਕਰਦਾ ਹੈ। ਇੱਸੇ ਹੀ ਕਰਕੇ ਗੁਰੂ ਰਾਮਦਾਸ ਜੀ ਨੇ ਕਿਹਾ ਹੈ–

**ਸਤਿਗੁਰ ਕੀ ਬਾਣੀ ਸਤਿ ਸਤਿ ਕਰ ਜਾਣਹੁ**
**ਗੁਰਸਿਖਹੁ ਹਰਿ ਕਰਤਾ ਆਪਿ ਮੁੰਹਹੁ ਕਢਾਏ।**

ਸੋ ਬੱਚਿਓ ! ਦੁਨੀਆਂ ਦੇ ਲੜਾਈ ਝਗੜੇ ਤਾਂ ਹੀ ਖ਼ਤਮ ਹੋ ਸਕਣਗੇ ਜੇ ਅਸੀਂ ਗੁਰਬਾਣੀ ਅਨੁਸਾਰ ਆਪਣਾ ਜੀਵਨ ਢਾਲਾਂਗੇ, ਆਪਣੀ ਮੱਤ ਛੱਡ ਕੇ ਗੁਰਮਤਿ ਗ੍ਰਹਿਣ ਕਰਾਂਗੇ, ਗੁਰੂ ਸਾਹਿਬ ਦਾ ਉਪਦੇਸ਼ ਵੀ ਸਾਡੇ ਵਾਸਤੇ ਇਹੋ ਹੀ ਹੈ–

**ਮਨ ਕੀ ਮਤ ਤਿਆਗਹੁ ਹਰਿ ਜਨ,**
**ਹੁਕਮ ਬੂਝਿ ਸੁਖਿ ਪਾਈਐ ਰੇ।** (ਪੰਨਾ ੨੦੯)

**ਪ੍ਰਭਜੋਤ** : ਇਹਦਾ ਕੀ ਮਤਲਬ ਆ ?

**ਬਾਪੂ ਜੀ** : ਗੁਰੂ ਸਾਹਿਬ ਕਹਿੰਦੇ ਹਨ ਕਿ ਹੇ ਹਰੀ ਦੇ ਸੇਵਕੋ! ਆਪਣੇ ਮਨ ਦੀ ਚਤੁਰਾਈ ਛੱਡ ਦਿਓ। ਪਰਮਾਤਮਾ ਦੀ ਰਜ਼ਾ ਨੂੰ ਸਮਝ ਕੇ ਹੀ ਸੁੱਖ ਪਾ ਸਕੀਦਾ ਹੈ।

**ਕੁਲਜੀਤ ਸਿੰਘ** : ਰਜ਼ਾ ਕੀ ਹੁੰਦੀ ਆ ?

**ਬਾਪੂ ਜੀ** : ਰਜ਼ਾ ਹੁੰਦੀ ਹੈ ਭਾਣਾ, ਹੁਕਮ।

**ਕੁਲਜੀਤ ਸਿੰਘ** : ਤਾਂ ਫਿਰ ਅਸੀਂ ਇੱਸੇ ਕਰ ਕੇ ਅਰਦਾਸ ਵਿੱਚ ਕਹਿੰਦੇ ਆਂ **"ਤੇਰੇ ਭਾਣੇ, ਸਰਬੱਤ ਦਾ ਭਲਾ।"**

**ਬਾਪੂ ਜੀ** : ਬਿਲਕੁੱਲ ਠੀਕ। ਬੱਚਿਓ ! ਦੂਜਿਆਂ ਦੇ ਭਲੇ ਵਿੱਚ ਹੀ ਸਾਡਾ ਭਲਾ ਹੈ ਅਤੇ ਰੱਬ ਦੀ ਰਜ਼ਾ ਵਿੱਚ ਹੀ ਸਾਨੂੰ ਰਾਜ਼ੀ ਰਹਿਣਾ ਚਾਹੀਦਾ ਹੈ।

**ਅੰਮ੍ਰਿਤਪਾਲ** : ਬਾਪੂ ਜੀ ! ਕਹਾਣੀ ਤੇ ਤੁਸੀਂ ਸੁਣਾਈ ਈ ਨਹੀਂ।

**ਬਾਪੂ ਜੀ** : ਹੁਣ ਟੈਮ ਬਹੁਤ ਹੋ ਗਿਆ ਹੈ, ਕੱਲ੍ਹ ਸੁਣਾਵਾਂਗੇ।

(ਬੱਚੇ ਬਾਪੂ ਜੀ ਨੂੰ ਫਤਹ ਬੁਲਾ ਕੇ ਪੌੜੀਆਂ ਉੱਤਰ ਜਾਂਦੇ ਹਨ।) ■■■■■■■■■

# ਗੁਰੂ ਪ੍ਰੇਮ ਦੀ ਮਹਿਕ

ਕਈ ਲੋਕਾਂ ਦਾ ਕਹਿਣਾ ਹੈ ਕਿ ਰੂਹਾਨੀ ਰਾਹ ਤੇ ਚਲਦਿਆਂ ਜੇਕਰ ਕੋਈ ਕ੍ਰਿਸ਼ਮਾ ਦਿਖਾਈ ਦੇਵੇ ਤਾਂ ਉਸ ਦਾ ਜਿਕਰ ਕਿਸੇ ਕੋਲ ਨਹੀਂ ਕਰਨਾ ਚਾਹੀਦਾ। ਅਜਿਹਾ ਕਰਨ ਨਾਲ ਆਤਮਿਕ ਸ਼ਕਤੀ ਦੀ ਪ੍ਰਾਪਤੀ ਦੇ ਰਸਤੇ ਵਿੱਚ ਰੁਕਾਵਟਾਂ ਆਉਂਦੀਆਂ ਹਨ ਪਰ ਸੱਚੇ ਕੰਤ ਦੇ ਵੈਰਾਗ ਵਿੱਚ ਬਿਰਹੋਂ ਚੋਟਾ ਖਾਂਦੀ ਇਸ ਸੁਹਾਗਣ ਦਾ ਵਿਸ਼ਵਾਸ਼ ਹੈ ਕਿ ਜੇਕਰ ਗੁਰੂ ਜੀ ਅਪਾਰ ਕ੍ਰਿਪਾ ਨਾਲ ਕੋਈ ਕ੍ਰਿਸ਼ਮਾ ਦੇਖਣ ਦਾ ਸੁਭਾਗ ਪ੍ਰਾਪਤ ਹੋ ਜਾਵੇ ਤਾਂ ਗੁਰੂ ਚਰਨਾਂ ਵਿੱਚ ਜੁੜੀਆਂ ਜਿੰਦੜੀਆਂ ਵਿੱਚ ਰਲ ਬੈਠ ਕੇ ਖੁਸ਼ੀ ਸਾਂਝੀ ਕਰਨੀ ਚਾਹੀਦੀ ਹੈ। ਗੁਰੂ ਪ੍ਰੇਮ ਦੀ ਮਹਿਕ ਖਿਲਾਰ ਕੇ ਹੀ ਅਸੀਂ ਆਲੇ–ਦੁਆਲੇ ਨੂੰ ਗੁਰੂ ਚਰਨਾਂ ਨਾਲ ਬੰਨ੍ਹਣ ਵਿੱਚ ਕਾਮਯਾਬ ਹੋ ਸਕਦੇ ਹਾਂ। ਕੀ ਜਾਣੀਏ ਕੋਈ ਤੜਫਦਾ ਰਾਹੀਂ ਗੁਰੂ–ਪ੍ਰੇਮ ਦੀ ਗਲ ਸੁਣ ਸਤਿਗੁਰਾਂ ਦੇ ਪ੍ਰੇਮ ਦਾ ਕਿਣਕਾ ਮਨ ਵਸਾ ਕੇ ਪ੍ਰੇਮ ਮਹਿਕ ਦੇ ਪਿੱਛੇ ਲੱਗ ਤੁਰੇ।

(ਅਲੌਕਿਕ ਝਲਕਾਂ ਵਿਚੋਂ)


www.AKJ.Org

## ਬੱਚਿਆਂ ਲਈ ਸਵਾਲ

1 ਪੁੱਛਣਾ, ਸੁੱਖਣਾ ਕੀ ਹਨ ? ਗੁਰਸਿੱਖਾਂ ਦਾ ਇਨ੍ਹਾਂ ਨਾਲ ਕੀ ਸੰਬੰਧ ਹੈ ?

2 ਗੁਰਸਿੱਖਾਂ ਵਾਸਤੇ ਨੱਕ ਕੰਨ ਛੇਦਣੇ ਕਿਉਂ ਮਨ੍ਹਾਂ ਹਨ ? ਗੁਰਸਿੱਖਾਂ ਨੂੰ ਕਿਹੜੇ ਕਿਹੜੇ ਗਹਿਣੇ ਪਾਉਣੇ ਚਾਹੀਦੇ ਹਨ ?

3 ਕੀ ਕੋਈ ਸਿੱਖ ਲੜਕੀ ਆਨਮਤੀ ਲੜਕੇ ਨਾਲ ਵਿਆਹ ਕਰਵਾ ਸਕਦੀ ਹੈ ? ਜੇ ਨਹੀਂ ਤਾਂ ਕਿਉਂ ?

4 ਕੀ ਲੜਕੀ ਲੜਕੇ ਨੂੰ ਅਨੰਦ ਕਾਰਜ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਗਦੇਲਾ ਵਿਛਾ ਕੇ ਬੈਠਣਾ ਚਾਹੀਦਾ ਹੈ ? ਜੇ ਨਹੀਂ ਤਾਂ ਕਿਉਂ ?

5 ਪ੍ਰਾਣੀ ਦੀ ਮ੍ਰਿਤੂ ਤੇ ਸ਼ਮਸ਼ਾਨ-ਘਾਟ ਵਿਖੇ ਅਰਥੀ ਦੁਆਲੇ ਪਾਣੀ ਦਾ ਘੜਾ ਘੁੰਮਾ ਕੇ ਭੰਨਣ ਦਾ ਕੀ ਅਰਥ ਹੈ ? ਗੁਰਸਿੱਖਾਂ ਦਾ ਇਸ ਨਾਲ ਕੀ ਸੰਬੰਧ ਹੈ ?

ਜੂਨ ੧੯੯੫

ਬੱਚੇ ਦੇ ਦਸਖ਼ਤ..........................

ਪਿਤਾ ਦਾ ਨਾਮ..........................

ਕਿਥੇ ਰਹਿੰਦਾ ਹੈ ?..........................

..........................

ਨੋਟ:- 1. ਇਨ੍ਹਾਂ ਸਵਾਲਾਂ ਦੇ ਜਵਾਬ 30 ਜੂਨ ੧੯੯੫ ਤਕ ਸੂਰਾ ਦਫਤਰ ਵਿੱਚ ਪੁੱਜ ਜਾਣੇ ਚਾਹੀਦੇ ਹਨ। 2 ਜਵਾਬ ਸਪੱਸ਼ਟ ਤੇ ਸੰਖੇਪ ਹੋਣ। 3. ਜਵਾਬ ਪੱਤਰ ਦੇ ਹੇਠਾਂ ਬੱਚੇ ਦਾ ਆਪਣਾ ਨਾਮ, ਉਮਰ, ਕਿਸ ਜਮਾਤ ਤੇ ਕਿਸ ਸਕੂਲ ਵਿੱਚ ਪੜ੍ਹਦਾ ਹੈ ਅਤੇ ਚਿੱਠੀ ਪੱਤਰ ਲਈ ਪੂਰਾ ਪਤਾ ਲਿਖਿਆ ਹੋਇਆ ਹੋਵੇ। 4 ਜਵਾਬ ਪੱਤਰ ਉੱਤੇ ਹੇਠਲਾ ਕੂਪਨ ਭਰ ਕੇ ਚਿਪਕਾਇਆ ਹੋਵੇ। 5 ਜਵਾਬ ਪੱਤਰ ਬੰਦ ਲਿਫ਼ਾਫੇ ਵਿਚ ਭਾਰ ਅਨੁਸਾਰ ਪੂਰੀਆ ਟਿਕਟਾਂ ਲਗਾ ਕੇ ਭੇਜਿਆ ਜਾਏ। ਲਿਫ਼ਾਫੇ ਦੇ ਬਾਹਰ "ਸਵਾਲ ਜਵਾਬ" ਲਿਖਿਆ ਹੋਇਆ ਹੋਵੇ। 6 ਬਿਨਾਂ ਕੂਪਨ ਚਿਪਕਾਏ ਜਵਾਬ ਪ੍ਰਵਾਨ ਨਹੀਂ ਕੀਤੇ ਜਾਣਗੇ।

**ਪਿਆਰੇ ਬੱਚਿਓ ! "ਸੂਰਾ" ਵਿੱਚ ਹਰ ਮਹੀਨੇ ਗੁਰਬਾਣੀ, ਸਿੱਖ ਰਹਿਤ ਮਰਯਾਦਾ ਅਤੇ ਇਤਿਹਾਸ ਸੰਬੰਧੀ ਛਪਦੇ ਸਵਾਲਾਂ ਦੇ ਜਵਾਬ ਭੇਜ ਕੇ ਵੱਧ ਤੋ ਵੱਧ ਇਨਾਮ ਪ੍ਰਾਪਤ ਕਰੋ।**

## ਸੂਚਨਾ

1. ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਲੜੀਵਾਰ ਸਰੂਪ ਭੇਟਾ ਰਹਿਤ ਹਾਸਲ ਕਰਨ ਲਈ ਹੇਠ ਲਿਖੇ ਪਤੇ ਤੇ ਸੰਪਰਕ ਕਰੋ ਜੀ।
2. ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਬਿਰਧ ਸਰੂਪ, ਗੁਟਕੇ ਤੇ ਪੋਥੀਆਂ ਦੀ ਅਦਬ ਸਤਿਕਾਰ ਸਹਿਤ ਅਗਨ ਭੇਟ ਸੇਵਾ ਇਸ ਅਸਥਾਨ ਤੇ ਹੁੰਦੀ ਹੈ। ਕ੍ਰਿਪਾ ਕਰਕੇ ਸੰਪਰਕ ਕਰੋ ਜੀ।

ਗੁਰਦੁਆਰਾ ਪ੍ਰਭੂ ਸਿਮਰਨ ਕੇਂਦਰ Ph. 456575, 459475
ਛੋਟੀ ਜਵੱਦੀ (ਨੇੜੇ ਮਾਡਲ ਟਾਊਨ ਐਕਸਟੇਨਸ਼ਨ) ਲੁਧਿਆਣਾ

## ਧਾਰਮਿਕ ਅਧਿਆਪਕਾਂ ਦੀ ਲੋੜ

ਪਹਿਲੀ ਤੋਂ ਦਸਵੀਂ ਕਲਾਸ ਦੇ ਸਕੂਲੀ ਬੱਚਿਆਂ ਨੂੰ ਧਾਰਮਿਕ ਵਿਦਿਆ ਦੇਣ ਅਤੇ ਕੀਰਤਨ ਸਿਖਾਉਣ ਲਈ ਯੋਗ ਗੁਰਮੁਖ ਅਧਿਆਪਕਾਂ ਦੀ ਪੱਕੇ ਤੌਰ ਤੇ ਲੋੜ ਹੈ, ਤਨਖਾਹ ਯੋਗਤਾ ਅਨੁਸਾਰ। ਹੇਠ ਲਿਖੇ ਪਤੇ ਤੇ ਸੰਪਰਕ ਕਰੋ–

ਭਾਈ ਬਲਵੰਤ ਸਿੰਘ, ਪਿੰਡ ਜਲਵਾਣਾ, ਡਾਕਖਾਨਾ ਲੋਹਟਬੱਦੀ,
ਜਿਲਾ ਲੁਧਿਆਣਾ, ਫੋਨ: 0161-451493, 455539, 458006

## ਵਿਦਵਾਨ ਲੇਖਕਾਂ ਪ੍ਰਤੀ ਬੇਨਤੀ

ਗੁਰੂ ਸਵਾਰੇ ਲੇਖਕਾਂ ਪ੍ਰਤੀ ਬੇਨਤੀ ਹੈ ਕਿ ਉਹ ਕਿਸੇ ਖਾਸ ਦਿਨ ਗੁਰਪੁਰਬ ਆਦਿ ਨਾਲ ਸੰਬੰਧਤ ਆਪਣੀਆਂ ਰਚਨਾਵਾਂ ਇੱਕ-ਦੋ ਮਹੀਨੇ ਪੇਸ਼ਗੀ ਹੀ ਭੇਜ ਦਿਆ ਕਰਨ ਤਾਂ ਕਿ ਉਹਨਾਂ ਰਚਨਾਵਾਂ ਨੂੰ ਸੂਰਾ ਪੱਤਰ ਵਿੱਚ ਢੁਕਵੀ ਥਾਂ ਦਿੱਤੀ ਜਾ ਸਕੇ, ਲੇਖ ਬਹੁਤੇ ਲੰਬੇ ਨਾ ਹੋਣ। ਤਾਰੀਖਾਂ, ਸੰਮਤ ਵਾਰ ਅਤੇ ਗੁਰਬਾਣੀ ਦੀਆਂ ਤੁਕਾਂ ਸੋਧ ਕੇ ਲਿਖੇ ਜਾਣ।

ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਭਾਈ ਗੁਰਚਰਨ ਸਿੰਘ ਵਾਰਾਨਸੀ | 425 ਰੁ | ਕਾਕਾ ਪਰਦੀਪ ਸਿੰਘ | 50 ਰੁ |
| ਸ: ਸੁਖਦੇਵ ਸਿੰਘ ਸਮਾਣਾ | 51 ਰੁ | ਸ: ਜਤਿੰਦਰ ਸਿੰਘ ਕੋਚੀਨ | 40 ਰੁ |
| ਭਾਈ ਅਵਤਾਰ ਸਿੰਘ ਜੀਵਨ ਸਿੰਘ ਨਿਊਜਰਸੀ | 5000 ਰੁ | ਪ੍ਰੋ: ਹਰਬੰਸ ਸਿੰਘ ਲੁਧਿਆਣਾ | 58 ਰੁ |
| ਭਾਈ ਅਵਤਾਰ ਸਿੰਘ ਫਰੀਦਾਬਾਦ | 3200 ਰੁ | | |

www.AKJ.Org

Regd. No. R.N./12245/66 SURA/June/95 P.O. Regd. No. PB/LD/121/95

## ਪਾਠਕਾਂ ਪ੍ਰਤੀ ਅਤਿ ਜ਼ਰੂਰੀ ਬੇਨਤੀ

1. ਸੂਰਾ ਮਾਸਿਕ ਪੱਤਰ ਵਿਚ ਛਪਵਾਉਣ ਲਈ ਸਮਾਗਮ ਸੰਬੰਧੀ ਸੂਚਨਾ ਸੰਬੰਧਤ ਪਰਚੇ ਦੇ ਮਹੀਨੇ ਤੋਂ ਘਟੋ ਘਟ ਇੱਕ ਮਹੀਨਾ ਪਹਿਲਾਂ ਜ਼ਰੂਰ ਹੀ ਸੂਰਾ ਦਫਤਰ ਵਿਖੇ ਪਹੁੰਚ ਜਾਣੀ ਚਾਹੀਦੀ ਹੈ ਤਾਂ ਹੀ ਉਹ ਸੂਚਨਾ 'ਸੂਰਾ' ਪੱਤਰ ਵਿੱਚ ਛਪ ਸਕੇਗੀ। ਭਾਵ ਅਗਸਤ ਦੇ ਪਰਚੇ ਵਿੱਚ ਛਪਣ ਵਾਲੀ ਸੂਚਨਾ ਇੱਕ ਜੁਲਾਈ ਤੋਂ ਪਹਿਲਾਂ ਪਹਿਲਾਂ ਸੂਰਾ ਦਫਤਰ ਵਿੱਚ ਪਹੁੰਚ ਜਾਵੇ। ਆਪ ਜੀ ਦਾ ਧੰਨਵਾਦੀ ਹੋਵਾਂਗਾ। 2. ਕੇਂਦਰੀ ਸਮਾਗਮਾਂ ਦੇ ਸਮਾਨ ਅੰਤਰ ਸਮਾਗਮ ਨਾ ਰੱਖਿਆ ਜਾਏ ਜੀ। ਸੰਪਾਦਕ

**ਨਾਰੰਗਵਾਲ (ਲੁਧਿਆਣਾ) ਵਿਖੇ ਭਾਈ ਰਣਧੀਰ ਸਿੰਘ ਜੀ ਦੀ ਯਾਦ ਵਿੱਚ ਸਲਾਨਾ ਸਮਾਗਮ ੮ ਤੋਂ ੧੧ ਜੂਨ ੧੯੯੫**
ਵੇਰਵੇ ਸਹਿਤ ਪ੍ਰੋਗ੍ਰਾਮ ਸੂਰਾ ਮਈ 95 ਵਿੱਚ ਛਪ ਚੁੱਕਾ ਹੈ। ਸੰਗਤਾਂ ਨੂੰ ਸਮਾਗਮ ਅਸਥਾਨ ਤੇ ਲਿਜਾਣ ਲਈ 8, 9, ਤੇ 10 ਜੂਨ ਨੂੰ ਸਵੇਰੇ 4:30 ਵਜੇ ਅਤੇ ਸ਼ਾਮ ਨੂੰ 5:30 ਵਜੇ ਗੱਡੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਤੋਂ ਚੱਲੇਗੀ। 10 ਤਰੀਕ ਸ਼ਾਮ ਨੂੰ ਰੈਣਿ ਸਬਾਈ ਕੀਰਤਨ ਵਾਸਤੇ ਸਪੈਸ਼ਲ ਗੇੜਾ 7:30 ਵਜੇ ਲਾਇਆ ਜਾਵੇਗਾ।

**ਗੁ: ਸਾਹਿਬ ਤਪੋਬਣ ਢੱਕੀ ਮਕਸੂਦੜਾ (ਨੇੜੇ ਦੋਰਾਹਾ) ਜ਼ਿਲਾ ਲੁਧਿਆਣਾ ਵਿਖੇ ਰੈਣਿ ਸਬਾਈ ਕੀਰਤਨ ੧੩ ਜੂਨ ਰਾਤ ਨੂੰ।**
**ਮਾਸਿਕ ਰੈਣਿ ਸਬਾਈ ਕੀਰਤਨ ਗੁਰਦੁਆਰਾ ਰਾਮਗੜ੍ਹੀਆ (ਨੇੜੇ ਡਬਲ ਫਾਟਕ) ਧੂਰੀ ਵਿਖੇ ੧੭ ਜੂਨ ਰਾਤ ਨੂੰ।**
**ਗੁ: ਜਨਮ ਅਸਥਾਨ ਗੁਰੂ ਕੀ ਵਡਾਲੀ ਵਿਖੇ ਰੈਣਿ ਸਬਾਈ ਕੀਰਤਨ ੧੭ ਜੂਨ ਰਾਤ ਨੂੰ।**
**ਗੁ: ਛੇਵੀਂ ਪਾਤਸ਼ਾਹੀ (ਚੌੜਾ ਖੂਹ) ਫਗਵਾੜਾ ਵਿਖੇ ਰੈਣਿ ਸਬਾਈ ਕੀਰਤਨ ੧੭ ਜੂਨ ਰਾਤ ਨੂੰ।**
**ਪਿੰਡ ਘੁਮਾਣ ਜਿਲਾ ਲੁਧਿਆਣਾ (ਨੇੜੇ ਸੁਧਾਰ ਕਾਲਜ) ਵਿਖੇ ਰੈਣਿ ਸਬਾਈ ਕੀਰਤਨ ੧੭ ਜੂਨ ਰਾਤ ਨੂੰ।**
**ਗੁ: ਕਲਗੀਧਰ, ਤਲਵੰਡੀ ਭਾਈ ਵਿਖੇ ਰੈਣਿ ਸਬਾਈ ਕੀਰਤਨ ੨੪ ਜੂਨ ਰਾਤ ਨੂੰ।**
**ਗੁ: ਸ੍ਰੀ ਗੁਰੂ ਸਿੰਘ ਸਭਾ ਨਿਊ ਮਾਡਲ ਟਾਊਨ ਲੁਧਿਆਣਾ ਵਿਖੇ ਰੈਣਿ ਸਬਾਈ ਕੀਰਤਨ ੮ ਜੁਲਾਈ ਰਾਤ ਨੂੰ।**
**ਚੰਡੀਗੜ੍ਹ ਵਿਖੇ ਸਲਾਨਾ ਸਮਾਗਮ ੨੪ ਤੋਂ ੨੭ ਅਗਸਤ ੧੯੯੫ ਗੁ: ਸਾਹਿਬ ਸੈਕਟਰ ੩੪ ਵਿਖੇ ਹੋਵੇਗਾ।**

**ਯੂ. ਕੇ. ਵਿਖੇ ਅਖੰਡ ਕੀਰਤਨ ਸਮਾਗਮ.**

1) 14-7-95 ਤੋਂ 16-7-95 ਸ੍ਰੀ ਅਖੰਡ ਪਾਠ ਸਾਹਿਬ ਗ੍ਰਹਿ ਭਾਈ ਸੋਹਨ ਸਿੰਘ, 218, Wexham Road. Slimgh (SLOUGH) ਸਪੁੱਤਰ ਹਰਦੀਪ ਸਿੰਘ ਦੇ ਅਨੰਦ ਕਾਰਜ ਦੀ ਖ਼ੁਸ਼ੀ ਵਿੱਚ Tel. 01753-530624.
2) 22-7-95 Inter National ਰੈਣਿ ਸਬਾਈ ਕੀਰਤਨ Gurd. SIKH TEMPLE Central Gurd. Barbly, AVE Glasgow Yorks ਹੋਰ ਜਾਣਕਾਰੀ ਲਈ ਬੀਬੀ ਪਰਮਜੀਤ ਕੌਰ W/O ਭਾਈ ਮੱਖਣ ਸਿੰਘ ਜੀ ਗਲਾਸਗੋ Tel. 0141-9599200, Gurd. Tel. 0041-9453084.

**ਗੁਰਬਾਣੀ ਦੇ ਸਤਿਕਾਰ ਲਈ ਸੂਰਾ ਮਾਸਿਕ ਪੱਤਰ ਤੇ ਹੋਰ ਗੁਰਮਤਿ ਸਾਹਿਤ ਰੱਦੀ ਵਿਚ ਨਾ ਵੇਚੋ ਜੀ, ਸਗੋਂ ਹੋਰ ਪ੍ਰੇਮੀਆਂ ਨੂੰ ਪੜ੍ਹਨ ਲਈ ਦੇ ਕੇ ਗੁਰਮਤਿ ਪ੍ਰਚਾਰ ਦੇ ਹਿੱਸੇਦਾਰ ਬਣੋ ਜੀ।**

**ਟੋਰਾਂਟੋ (ਕੈਨੇਡਾ) ਵਿਖੇ ਇੰਟਰ ਨੈਸ਼ਨਲ ਅਖੰਡ ਕੀਰਤਨ ਸਮਾਗਮ ੨੩ ਜੂਨ ਤੋ ੨ ਜੁਲਾਈ ੧੯੯੫**

ਗੁਰੂ ਕਿਰਪਾ ਦਾ ਸਦਕਾ ਹਰ ਸਾਲ ਵਾਂਗ ਉਂਟੇਰੀਓ ਦੀਆਂ ਸੰਗਤਾਂ ਵਲੋਂ ਹੇਠ ਲਿਖੇ ਪ੍ਰੋਗ੍ਰਾਮ ਅਨੁਸਾਰ ਇੰਟਰ ਨੈਸ਼ਨਲ ਪੱਧਰ ਤੇ ਅਖੰਡ ਕੀਰਤਨ ਅਖਾੜੇ ਰਚੇ ਜਾ ਰਹੇ ਹਨ। ਆਪ ਸਮੂਹ ਕੀਰਤਨ ਪ੍ਰੇਮੀ ਪਰਿਵਾਰਾਂ ਸਹਿਤ ਆਇ ਦੀਦਾਰੇ ਬਖਸ਼ੋ ਜੀ।

੨੩-੬-੯੫ ਸ਼ੁੱਕਰਵਾਰ ਸਵੇਰੇ ੩.੦੦ ਤੋਂ ੫.੦੦ ਵਜੇ ਅਖੰਡ ਕੀਰਤਨ, ਉਪਰੰਤ ਅਖੰਡ ਪਾਠ ਅਰੰਭ
੨੫-੬-੯੫ ਐਤਵਾਰ ਸਵੇਰੇ ੬.੦੦ ਵਜੇ ਭੋਗ ਸ੍ਰੀ ਅਖੰਡ ਪਾਠ ਉਪਰੰਤ ੧੧.੦੦ ਵਜੇ ਤੱਕ ਅਖੰਡ ਕੀਰਤਨ
] ਗੁ: ਸਾਹਿਬ ਰੈਕਸਡੇਲ 47 Baywood Rd. (416)746-6666

ਸ਼ਾਮ ੬.੦੦ ਤੋ ੯.੦੦ ਅਖੰਡ ਕੀਰਤਨ ਗੁ: ਸਾਹਿਬ ਮਾਲਟਨ 7280 Airport Rd. (905) 671-1662
੨੬-੬-੯੫ ਦਿਨ ਸੋਮਵਾਰ ਸ਼ਾਮ ੬.੦੦ ਤੋਂ ੯.੦੦ ਅਖੰਡ ਕੀਰਤਨ ਗੁ: ਸਾਹਿਬ ਓਲਡ ਵੈਸਟਨ 331 Old Weston Rd. (416) 656-5699
੨੭-੬-੯੫ ਦਿਨ ਮੰਗਲਵਾਰ ਸ਼ਾਮ ੬.੦੦ ਤੋਂ ੯.੦੦ ਅਖੰਡ ਕੀਰਤਨ ਗੁ: ਸਾਹਿਬ ਰਿਵਾਲਡਾ 140 Rivalda Rd. (416) 748-9442
੨੮-੬-੯੫ ਦਿਨ ਬੁੱਧਵਾਰ ਸ਼ਾਮ ੬.੦੦ ਤੋਂ ੯.੦੦ ਅਖੰਡ ਕੀਰਤਨ ਗੁ: ਸਾਹਿਬ ਸਕਾਰਬਰੋ 905 Middlefield Rd. (416)299-4800
੨੯-੬-੯੫ ਦਿਨ ਵੀਰਵਾਰ ਸ਼ਾਮ ੬.੦੦ ਤੋਂ ੯.੦੦ ਅਖੰਡ ਕੀਰਤਨ ਗੁ: ਸਾਹਿਬ ਡਿਕਸੀ 7080 Dixie Rd. (905) 670-3311
੩੦-੬-੯੫ ਦਿਨ ਸ਼ੁੱਕਰਵਾਰ ਸ਼ਾਮ ੬.੦੦ ਤੋਂ ੯.੦੦ ਅਖੰਡ ਕੀਰਤਨ ਗੁ: ਸਾਹਿਬ ਮਾਲਟਨ
੧-੭-੯੫ ਦਿਨ ਸ਼ਨੀਵਾਰ ਸਵੇਰੇ ੪.੦੦ ਵਜੇ ਅੰਮ੍ਰਿਤ ਸਮਾਗਮ ਅਤੇ ੬.੦੦ ਤੋਂ ੧੧.੦੦ ਵਜੇ ਅਖੰਡ ਕੀਰਤਨ ਗੁ: ਸਾਹਿਬ ਰੈਕਸਡੇਲ
ਸ਼ਾਮ ੬.੩੦ ਸੋਦਰ ਉਪਰੰਤ ਆਰੰਭ ਰੈਣਿ ਸਬਾਈ ਕੀਰਤਨ ਗੁ: ਸਾਹਿਬ ਡਿਕਸੀ।
੨-੭-੯੫ ਦਿਨ ਐਤਵਾਰ ਸਵੇਰੇ ੬.੦੦ ਵਜੇ ਭੋਗ ਉਪਰੰਤ ਸਮਾਪਤੀ ਦੀ ਅਰਦਾਸ

**ਰਿਹਾਇਸ਼ ਅਤੇ ਵਧੇਰੀ ਜਾਣਕਾਰੀ ਲਈ:**
Tel.- (905) 672-6040, (905) 456-2577
(905) 664-9295, (905) 828-9464

ਦਾਸਰੇ
ਅਖੰਡ ਕੀਰਤਨੀ ਜਥਾ
ਟੋਰਾਂਟੋ, ਓਟੇਰੀਓ

SURA (Monthly) KOTHI No. 12, BLOCK -I, BHAI RANDHIR SINGH NAGAR, LUDHIANA 141001

www.AKJ.Org